ਨਿਊ ਇੰਡੀਆ

# ਸਮਾਚਾਰ

ਸਾਲ: 01, ਅੰਕ: 04, 15 ਤੋਂ 31 ਅਗਸਤ, 2020, ਮੁਫ਼ਤ



# ਸਸ਼ਕਤ ਭਾਰਤ ਦੀ
# ਸਮੁੱਚੀ ਸਿੱਖਿਆ ਨੀਤੀ

74ਵੇਂ ਸੁਤੰਤਰਤਾ ਦਿਵਸ ‘ਤੇ ‘ਨਵੇਂ ਭਾਰਤ’ ਦਾ ਸੰਕਲਪ



# "ਕੋਰੋਨਾ ਦਾ ਖ਼ਤਰਾ ਟਲਿਆ ਨਹੀਂ ਹੈ, ਸਾਨੂੰ ਬਹੁਤ ਜ਼ਿਆਦਾ ਸਤਰਕ ਰਹਿਣ ਦੀ ਜ਼ਰੂਰਤ ਹੈ"

- **ਕਰਗਿਲ:** ਕਰਗਿਲ ਦਾ ਯੁੱਧ ਜਿਨ੍ਹਾਂ ਪਰਿਸਥਿਤੀਆਂ ਵਿੱਚ ਹੋਇਆ ਸੀ, ਉਹ, ਭਾਰਤ ਕਦੇ ਨਹੀਂ ਭੁੱਲ ਸਕਦਾ, ਭਾਰਤ ਤਦ ਪਾਕਿਸਤਾਨ ਨਾਲ ਚੰਗੇ ਸਬੰਧਾਂ ਲਈ ਕੋਸ਼ਿਸ਼ਾਂ ਕਰ ਰਿਹਾ ਸੀ। ਲੇਕਿਨ ਕਿਹਾ ਜਾਂਦਾ ਹੈ ਨਾ, 'ਦੁਸ਼ਟ ਦਾ ਸੁਭਾਅ ਹੀ ਹੁੰਦਾ ਹੈ, ਹਰ ਕਿਸੇ ਨਾਲ ਬਿਨਾ ਵਜ੍ਹਾ ਦੁਸ਼ਮਣੀ ਕਰਨਾ'। ਤਦ ਭਾਰਤ ਨੇ ਜੋ ਬਹਾਦਰੀ ਦਿਖਾਈ, ਉਸ ਨੂੰ ਦੁਨੀਆ ਨੇ ਦੇਖਿਆ। ਉਸ ਸਮੇਂ ਮੈਨੂੰ ਵੀ ਕਰਗਿਲ ਜਾਣ ਤੇ ਜਵਾਨਾਂ ਦੀ ਵੀਰਤਾ ਦੇ ਦਰਸ਼ਨ ਕਰਨ ਦਾ ਸੁਭਾਗ ਮਿਲਿਆ ਸੀ।
- **ਸੈਨਾ ਦਾ ਮਨੋਬਲ:** 'ਰਾਸ਼ਟਰ ਸਰਬਉੱਚ' ਦਾ ਮੰਤਰ ਲੈ ਕੇ, ਏਕਤਾ ਦੇ ਸੂਤਰ ਵਿੱਚ ਬੰਨ੍ਹੇ ਦੇਸ਼ਵਾਸੀ, ਸਾਡੇ ਸੈਨਿਕਾਂ ਦੀ ਤਾਕਤ ਨੂੰ ਕਈ ਹਜ਼ਾਰ ਗੁਣਾ ਵਧਾ ਦਿੰਦੇ ਹਨ, ਸਾਡੇ ਇੱਥੇ ਤਾਂ ਕਿਹਾ ਗਿਆ ਹੈ ਨਾ 'ਸੰਘੇ ਸ਼ਕਤੀ ਕਲੌ ਯੁਗੇ'।
- **ਕੋਰੋਨਾ:** ਕੋਰੋਨਾ ਦਾ ਖ਼ਤਰਾ ਟਲਿਆ ਨਹੀਂ ਹੈ, ਸਾਨੂੰ ਬਹੁਤ ਹੀ ਜ਼ਿਆਦਾ ਸਤਰਕ ਰਹਿਣ ਦੀ ਜ਼ਰੂਰਤ ਹੈ, ਅਸੀਂ ਇਹ ਧਿਆਨ ਰੱਖਣਾ ਹੈ ਕਿ ਕੋਰੋਨਾ ਹੁਣ ਵੀ ਓਨਾ ਹੀ ਘਾਤਕ ਹੈ, ਜਿੰਨਾ ਸ਼ੁਰੂ 'ਚ ਸੀ, ਇਸ ਲਈ ਅਸੀਂ ਪੂਰੀ ਸਾਵਧਾਨੀ ਵਰਤਣੀ ਹੈ। ਚਿਹਰੇ ਉੱਤੇ ਮਾਸਕ, ਦੋ ਗਜ਼ ਦੀ ਦੂਰੀ-ਇਹੀ ਸਾਡੇ ਹਥਿਆਰ ਹਨ। ਮਾਸਕ ਨਾਲ ਤਕਲੀਫ਼ ਹੁੰਦੀ ਹੈ ਤੇ ਅਸੀਂ ਹਟਾ ਦਿੰਦੇ ਹਾਂ ਪਰ ਸੋਚੋ ਡਾਕਟਰ, ਨਰਸਾਂ ਕਿਵੇਂ ਘੰਟਿਆਂ ਬੱਧੀ ਮਾਸਕ ਪਹਿਨ ਕੇ ਕੰਮ ਕਰਦੇ ਹਨ। ਰਿਕਵਰੀ ਰੇਟ ਹੋਰ ਦੇਸ਼ਾਂ ਤੋਂ ਬਿਹਤਰ ਹੈ, ਲੇਕਿਨ ਇੱਕ ਵੀ ਵਿਅਕਤੀ ਨੂੰ ਗੁਆਉਣਾ ਸਾਡੇ ਲਈ ਦੁਖਦਾਈ ਹੈ।
- **ਮਧੂਬਨੀ ਪੇਂਟਿੰਗ ਵਾਲੇ ਮਾਸਕ:** ਆਪਦਾ ਨੂੰ ਅਵਸਰ ਵਿੱਚ ਬਦਲਣ ਵਿੱਚ ਯੁਵਾ ਮਹਿਲਾਵਾਂ ਯੋਗਦਾਨ ਦੇ ਰਹੀਆਂ ਹਨ। ਬਿਹਾਰ ਵਿੱਚ ਕਈ ਮਹਿਲਾ ਸਮੂਹਾਂ ਨੇ ਮਧੂਬਨੀ ਪੇਂਟਿੰਗ ਵਾਲੇ ਮਾਸਕ ਬਣਾਏ ਜੋ ਖੂਬ ਪਾਪੂਲਰ (ਮਕਬੂਲ) ਹੋ ਗਏ ਹਨ। ਇਸ ਨਾਲ ਪਰੰਪਰਾ ਦੇ ਨਾਲ ਲੋਕਾਂ ਨੂੰ ਸਿਹਤ ਤੇ ਰੋਜਗਾਰ ਵੀ ਮਿਲ ਰਿਹਾ ਹੈ।
- **ਰਕਸ਼ਾ ਬੰਧਨ (ਰੱਖੜੀ):** ਸਾਡੇ ਤਿਉਹਾਰ, ਸਾਡੇ ਸਮਾਜ ਦੇ, ਸਾਡੇ ਘਰ ਦੇ ਪਾਸ ਹੀ ਕਿਸੇ ਵਿਅਕਤੀ ਦਾ ਵਪਾਰ ਵਧੇ, ਉਸ ਦਾ ਵੀ ਤਿਉਹਾਰ ਖ਼ੁਸ਼ਹਾਲ ਹੋਵੇ, ਤਦ ਤਿਉਹਾਰ ਦਾ ਆਨੰਦ ਕੁਝ ਹੋਰ ਹੀ ਹੋ ਜਾਂਦਾ ਹੈ। ਸਾਰੇ ਦੇਸ਼ਵਾਸੀਆਂ ਨੂੰ ਰਕਸ਼ਾ ਬੰਧਨ (ਰੱਖੜੀ) ਦੀਆਂ ਬਹੁਤ-ਬਹੁਤ ਸ਼ੁਭਕਾਮਨਾਵਾਂ।
- **ਹੜ੍ਹ:** ਬਿਹਾਰ, ਅਸਾਮ ਜਿਹੇ ਰਾਜਾਂ ਦੇ ਕਈ ਖੇਤਰਾਂ ਵਿੱਚ ਤਾਂ ਹੜ੍ਹਾਂ ਨੇ ਕਾਫ਼ੀ ਮੁਸ਼ਕਿਲਾਂ ਪੈਦਾ ਕੀਤੀਆਂ ਹੋਈਆਂ ਹਨ, ਇਸ ਆਪਦਾ ਤੋਂ ਪ੍ਰਭਾਵਿਤ ਸਾਰੇ ਲੋਕਾਂ ਨਾਲ ਪੂਰਾ ਦੇਸ਼ ਖੜ੍ਹਾ ਹੈ।
- **ਆਤਮਨਿਰਭਰਤਾ ਦਾ ਸੰਕਲਪ:** ਮੇਰੀ ਸਮੂਹ ਦੇਸ਼ਵਾਸੀਆਂ ਨੂੰ ਬੇਨਤੀ ਹੈ ਕਿ ਅਸੀਂ ਸੁਤੰਤਰਤਾ ਦਿਵਸ 'ਤੇ ਮਹਾਮਾਰੀ ਤੋਂ ਆਜ਼ਾਦੀ ਦਾ ਸੰਕਲਪ ਲਈਏ, ਆਤਮਨਿਰਭਰ ਭਾਰਤ ਦਾ ਸੰਕਲਪ ਲਈਏ, ਕੁਝ ਨਵਾਂ ਸਿੱਖਣ ਤੇ ਸਿਖਾਉਣ ਦਾ ਸੰਕਲਪ ਲਈਏ, ਆਪਣੇ ਕਰਤੱਵਾਂ ਦੇ ਪਾਲਣ ਦਾ ਸੰਕਲਪ ਲਈਏ।
- **ਪ੍ਰੇਰਣਾ:** ਇੱਕ ਪਾਸੇ ਅਸੀਂ ਕੋਰੋਨਾ ਖ਼ਿਲਾਫ਼ ਲੜਾਈ ਨੂੰ ਪੂਰੀ ਸਜਗਤਾ ਅਤੇ ਸਤਰਕਤਾ ਨਾਲ ਲੜਨਾ ਹੈ, ਤੇ ਦੂਜੇ ਪਾਸੇ, ਸਖ਼ਤ ਮਿਹਨਤ ਨਾਲ, ਕਾਰੋਬਾਰ, ਨੌਕਰੀ, ਪੜ੍ਹਾਈ ਜੋ ਵੀ ਕਰਤੱਵ ਅਸੀਂ ਨਿਭਾਉਂਦੇ ਹਾਂ, ਉਸ ਵਿੱਚ ਗਤੀ ਲਿਆਉਣੀ ਹੈ। ਕੋਰੋਨਾ ਕਾਲ ਵਿੱਚ ਤਾਂ ਗ੍ਰਾਮੀਣ ਖੇਤਰਾਂ ਨੇ ਪੂਰੇ ਦੇਸ਼ ਨੂੰ ਦਿਸ਼ਾ ਦਿਖਾਈ ਹੈ। ਜੰਮੂ ਦੇ ਤ੍ਰੇਵਾ, ਕਸ਼ਮੀਰ ਦੇ ਗਾਂਦਰਬਲ ਦੇ ਸਰਪੰਚਾਂ ਤੇ ਅਨੰਤਨਾਗ ਨਗਰਪਾਲਿਕਾ ਦੇ ਪ੍ਰਧਾਨ ਨੇ ਇਸ ਦੀ ਮਿਸਾਲ ਪੇਸ਼ ਕੀਤੀ ਹੈ।
- **ਬਾਂਸ ਨਾਲ ਕਾਰੀਗਰੀ:** ਉੱਤਰ-ਪੂਰਬ ਵਿੱਚ ਬਾਂਸ ਦੇ ਕਾਰੀਗਰਾਂ ਨੇ ਹਾਈ ਕੁਆਲਿਟੀ ਬੋਤਲ, ਟਿਫ਼ਿਨ ਬੌਕਸ ਬਣਾਉਣਾ ਸ਼ੁਰੂ ਕੀਤਾ ਹੈ। ਮਿਆਰ ਦੇਖੋਗੇ, ਤਾਂ ਯਕੀਨ ਨਹੀਂ ਹੋਵੇਗਾ ਕਿ ਬਾਂਸ ਦੀਆਂ ਬੋਤਲਾਂ ਵੀ ਇੰਨੀਆਂ ਸ਼ਾਨਦਾਰ ਹੋ ਸਕਦੀਆਂ ਹਨ, ਈਕੋ-ਫ੍ਰੈਂਡਲੀ ਵੀ ਹਨ, ਇਸ ਨੂੰ ਬਣਾਉਣ ਤੋਂ ਪਹਿਲਾਂ ਨਿੰਮ ਤੇ ਔਸ਼ਧੀਆਂ ਵਾਲੇ ਹੋਰ ਪੌਦਿਆਂ ਨਾਲ ਉਬਾਲਿਆ ਜਾਂਦਾ ਹੈ। ਜਿਸ ਨਾਲ ਇਸ ਵਿੱਚ ਔਸ਼ਧੀ-ਗੁਣ ਆ ਜਾਂਦੇ ਹਨ।
- **ਡ੍ਰੈਗਨ ਫ਼ਰੂਟਸ ਦੀ ਖੇਤੀ:** ਕੱਛ 'ਚ ਕਿਸਾਨ ਡ੍ਰੈਗਨ ਫ਼ਰੂਟਸ ਦੀ ਖੇਤੀ ਲਈ ਸ਼ਲਾਘਾਯੋਗ ਯਤਨ ਕਰ ਰਹੇ ਹਨ। ਬਹੁਤ ਸਾਰੇ ਲੋਕ ਜਦੋਂ ਸੁਣਦੇ ਹਨ, ਤਾਂ ਉਨ੍ਹਾਂ ਨੂੰ ਹੈਰਾਨੀ ਹੁੰਦੀ ਹੈ-ਕੱਛ ਤੇ ਡ੍ਰੈਗਨ ਫ਼ਰੂਟਸ? ਕੱਛ ਦੇ ਕਿਸਾਨਾਂ ਦਾ ਸੰਕਲਪ ਹੈ ਕਿ ਦੇਸ਼ ਨੂੰ ਡ੍ਰੈਗਨ ਫ਼ਰੂਟਸ ਦੀ ਦਰਾਮਦ ਨਾ ਕਰਨੀ ਪਵੇ, ਇਹੀ ਤਾਂ ਆਤਮਨਿਰਭਰਤਾ ਦੀ ਗੱਲ ਹੈ।
- **ਹੈਂਡਲੂਮ ਦਾ ਉਪਯੋਗ:** ਭਾਰਤ ਦੀ ਹੈਂਡਲੂਮ ਤੇ ਹੈਂਡੀਕ੍ਰਾਫਟ, ਆਪਣੇ-ਆਪ ਵਿੱਚ ਸੈਂਕੜੇ ਸਾਲਾਂ ਦਾ ਗੌਰਵਮਈ ਇਤਿਹਾਸ ਸਮੋਈ ਬੈਠੇ ਹਨ। ਸਾਡੇ ਸਭ ਦਾ ਯਤਨ ਹੋਣਾ ਚਾਹੀਦਾ ਹੈ ਕਿ ਭਾਰਤੀ ਹੈਂਡਲੂਮ ਤੇ ਹੈਂਡੀਕ੍ਰਾਫਟ ਦੀ ਜ਼ਿਆਦਾ ਤੋਂ ਜ਼ਿਆਦਾ ਵਰਤੋਂ ਕਰੀਏ।
- **ਵਿਦਿਆਰਥੀਆਂ-ਵਿਦਿਆਰਥਣਾਂ ਨਾਲ ਗੱਲਬਾਤ:** ਅੱਜ 'ਮਨ ਕੀ ਬਾਤ' ਵਿੱਚ ਕੁਝ ਅਜਿਹੇ ਹੀ ਪ੍ਰਤਿਭਾਸ਼ਾਲੀ ਬੇਟੇ-ਬੇਟੀਆਂ ਨਾਲ ਗੱਲ ਕਰਦੇ ਹਾਂ। ਅਜਿਹੀ ਹੀ ਪ੍ਰਤਿਭਾਸ਼ਾਲੀ ਬੇਟੀ ਹੈ ਹਰਿਆਣਾ ਦੇ ਪਾਣੀਪਤ ਦੀ ਕ੍ਰਿਤਿਕਾ ਨਾਂਦਲ, ਕੇਰਲ ਦੇ ਏਰਨਾਕੁਲਮ ਦੇ ਨੌਜਵਾਨ ਵਿਨਾਇਕ, ਉੱਤਰ ਪ੍ਰਦੇਸ਼ ਦੇ ਅਮਰੋਹਾ ਦੇ ਉਸਮਾਨ ਸੈਫ਼ੀ ਅਤੇ ਤਮਿਲ ਨਾਡੂ ਦੇ ਨਾਮਾਕਲ ਤੋਂ ਬੇਟੀ ਕਨਿੱਗਾ। ਮੈ ਸਾਰੇ ਨੌਜਵਾਨ ਸਾਥੀਆਂ ਨੂੰ ਇਹ ਤਾਕੀਦ ਕਰਾਂਗਾ ਕਿ ਉਹ ਆਪਣੀ ਕਹਾਣੀ ਆਪਣੀ ਜ਼ੁਬਾਨੀ ਸਾਡੇ ਸਭ ਨਾਲ ਜ਼ਰੂਰ ਸਾਂਝੀ ਕਰਨ।
- **ਸੂਰੀਨਾਮ ਵਿੱਚ ਭਾਰਤੀ ਗੌਰਵ:** ਸੱਤ ਸਮੁੰਦਰ ਪਾਰ, ਭਾਰਤ ਤੋਂ ਹਜ਼ਾਰਾਂ ਮੀਲ ਦੂਰ ਇੱਕ ਛੋਟਾ ਜਿਹਾ ਦੇਸ਼ ਹੈ 'ਸੂਰੀਨਾਮ'। ਉੱਥੋਂ ਦੀਆਂ ਆਮ ਭਾਸ਼ਾਵਾਂ ਵਿੱਚੋਂ ਇੱਕ 'ਸਰਨਾਮੀ' ਵੀ 'ਭੋਜਪੁਰੀ' ਦੀ ਹੀ ਇੱਕ ਬੋਲੀ ਹੈ। ਉੱਥੇ ਚੰਦ੍ਰਿਕਾ ਪ੍ਰਸਾਦ ਸੰਤੋਖੀ ਨਵੇਂ ਰਾਸਟਰਪਤੀ ਬਣੇ ਹਨ ਉਨ੍ਹਾਂ ਆਪਣੇ ਅਹੁਦੇ ਦੀ ਸਹੁੰ ਚੁਕਾਈ ਦੀ ਸ਼ੁਰੂਆਤ ਵੇਦ ਮੰਤਰਾਂ ਨਾਲ ਕੀਤੀ, ਉਹ ਸੰਸਕ੍ਰਿਤ ਵਿੱਚ ਬੋਲੇ। ਸੱਚੀਂ ਇਹ ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੈ।

ਮਨ ਕੀ ਬਾਤ ਪੂਰੀ ਸੁਣਨ ਲਈ QR ਕੋਡ Scan ਕਰੋ

ਨਿਊ ਇੰਡੀਆ
ਸਮਾਚਾਰ
ਸਾਲ: 01, ਅੰਕ: 04, 15-31 ਅਗਸਤ, 2020

**ਪ੍ਰਕਾਸ਼ਕ ਅਤੇ ਪ੍ਰਿੰਟਰ:**
**ਸਤਯੇਂਦਰ ਪ੍ਰਕਾਸ਼**
ਡਾਇਰੈਕਟਰ ਜਨਰਲ, ਬੀਓਸੀ
(ਬਿਊਰੋ ਆਵ੍ ਆਊਟਰੀਚ ਐਂਡ ਕਮਿਊਨੀਕੇਸ਼ਨ)

**ਪ੍ਰਿੰਟਿੰਗ: ਵਿਬਾ ਪ੍ਰੈੱਸ ਪ੍ਰਾਈਵੇਟ ਲਿਮਿਟਿਡ,**
ਸੀ-66/3, ਓਖਲਾ ਫ਼ੇਜ਼-II,
ਓਖਲਾ ਇੰਡਸਟ੍ਰੀਅਲ ਏਰੀਆ, ਨਵੀਂ ਦਿੱਲੀ

**ਬਿਊਰੋ ਆਵ੍ ਆਊਟਰੀਚ ਐਂਡ ਕਮਿਊਨੀਕੇਸ਼ਨ,**
**ਸੂਚਨਾ ਭਵਨ, ਦੂਜੀ ਮੰਜ਼ਿਲ,**
**ਨਵੀਂ ਦਿੱਲੀ-110003 ਤੋਂ ਪ੍ਰਕਾਸ਼ਿਤ**

**ਐਡੀਟਰ ਇਨ ਚੀਫ:**
**ਕੁਲਦੀਪ ਸਿੰਘ ਧਤਵਾਲੀਆ**
ਪ੍ਰਿੰਸੀਪਲ ਡਾਇਰੈਕਟਰ ਜਨਰਲ,
ਪੱਤਰ ਸੂਚਨਾ ਦਫ਼ਤਰ, ਨਵੀਂ ਦਿੱਲੀ

**ਕੰਸਲਟਿੰਗ ਐਡੀਟਰ:**
**ਸੰਤੋਸ਼ ਕੁਮਾਰ**

**ਐਸੋਸੀਏਟ ਐਡੀਟਰ:**
**ਵਿਭੋਰ ਸ਼ਰਮਾ**

**ਸੀਨੀਅਰ ਆਰਟਿਸਟ:**
**ਸ਼ਿਆਮ ਤਿਵਾਰੀ**

ਕਵਰ ਫੋਟੋ : ਅਤੁਲ ਹੁੰਡੂ

ਆਰ.ਐਨ.ਆਈ. ਨੰਬਰ
DELPUN/2020/78808

## ਅੰਦਰ ਦੇ ਪੰਨਿਆਂ ਉੱਤੇ

# ਗਲੋਬਲ ਨੌਲਿਜ ਸੁਪਰ ਪਾਵਰ ਵੱਲ ਵਧਦੇ ਕਦਮ...



**ਕਵਰ ਸਟੋਰੀ** | 34 ਸਾਲ ਬਾਅਦ ਬਦਲੀ ਦੇਸ਼ ਦੀ ਸਿੱਖਿਆ ਨੀਤੀ, ਹੁਣ ਖੋਜ ਤੇ ਸਮਾਨ ਸਿੱਖਿਆ ਦੇ ਰਸਤੇ ਦੇਸ਼ ਨੂੰ ਅੱਗੇ ਵਧਾਉਣ ਦੀ ਮੁਹਿੰਮ। ਪੇਜ 18-23

## ਦੇਸ਼ ਦੇ ਨਾਲ ਕਸ਼ਮੀਰ ਦੀ ਕਦਮਤਾਲ



ਧਾਰਾ 370 ਅਤੇ 35 ਏ ਹਟਾਉਣ ਦੇ ਇੱਕ ਸਾਲ ਬਾਅਦ ਘਾਟੀ ਵਿੱਚ ਬਦਲਾਅ ਦਾ ਬੁੱਲਾ। ਪੇਜ 6-8

## ਡਿਜੀਟਲ ਆਤਮਨਿਰਭਰਤਾ ਦੀ ਧਮਕ...




59 ਵਿਦੇਸ਼ੀ ਐਪ ਉੱਤੇ ਪਾਬੰਦੀ ਦੇ ਬਾਅਦ ਹੁਣ ਡਿਜੀਟਲ ਆਤਮਨਿਰਭਰਤਾ ਵੱਲ ਵਧਦਾ ਭਾਰਤ। ਪੇਜ 13-15

**'ਕਰੋ ਜਾਂ ਮਰੋ' ਤੋਂ 'ਕਰਾਂਗੇ ਤੇ ਕਰਕੇ ਰਹਾਂਗੇ'**
ਭਾਰਤ ਛੱਡੋ ਅੰਦੋਲਨ ਦੇ 77 ਸਾਲ। ਪੇਜ 3

**ਸਮਾਚਾਰ-ਸਾਰ**
ਦੇਸ਼ ਦੀਆਂ ਪ੍ਰਮੁੱਖ ਖ਼ਬਰਾਂ। ਪੇਜ 4-5

**ਬਦਲਦੇ ਭਾਰਤ ਦੀ ਕਹਾਣੀ**
ਪ੍ਰੇਰਣਾ ਦੇਣ ਵਾਲੀਆਂ ਸਕਾਰਾਤਮਕ ਖ਼ਬਰਾਂ। ਪੇਜ 9

**ਪਿੰਡ ਵਿੱਚ ਹੀ ਅਨਾਜ ਤੇ ਰੋਜ਼ਗਾਰ**
ਗ਼ਰੀਬ ਕਲਿਆਣ ਅਭਿਯਾਨ ਨਾਲ ਬਦਲੀ ਤਸਵੀਰ। ਪੇਜ 10-12

**ਵਿਸਤਾਰਵਾਦ ਨਹੀਂ, ਵਿਕਾਸਵਾਦ ਦਾ ਯੁਗ**
ਲੱਦਾਖ 'ਚ ਪ੍ਰਧਾਨ ਮੰਤਰੀ ਤੇ ਰੱਖਿਆ ਮੰਤਰੀ। ਪੇਜ 16-17

**ਕੋਰੋਨਾ ਨਾਲ ਲੜਾਈ ਵਿੱਚ ਅਸੀਂ ਦੁਨੀਆ ਤੋਂ ਅੱਗੇ**
ਅੰਕੜਿਆਂ ਦੇ ਨਾਲ ਉਪ ਰਾਸ਼ਟਰਪਤੀ ਦਾ ਲੇਖ। ਪੇਜ 24-26

**ਸਬਕਾ ਸਾਥ, ਸਬਕਾ ਵਿਕਾਸ....**
ਯੂਐੱਨ ਤੇ ਹੋਰ ਆਲਮੀ ਮੰਚਾਂ ਉੱਤੇ ਪੀਐੱਮ। ਪੇਜ 27-29

**ਆਤਮਨਿਰਭਰਤਾ ਦੀ ਰਾਹ ਉੱਤੇ ਅਰਥਵਿਵਸਥਾ**
ਆਤਮਨਿਰਭਰਤਾ ਪੈਕੇਜ ਦੀ ਪ੍ਰਗਤੀ। ਪੇਜ 30-31

**ਵਾਈ-ਫਾਈ: ਸਿੱਖਿਆ ਦਾ ਬਣਿਆ ਸਾਧਨ।** ਪੇਜ 32-33

**ਕੇਦਾਰਨਾਥ ਨੂੰ ਸ਼ਾਨਦਾਰ ਰੂਪ ਦੇਣ ਦੀ ਪਹਿਲ।** ਪੇਜ 36



## ਸ਼ਾਨਦਾਰ ਰਾਮ ਮੰਦਿਰ ਦੀ ਨੀਂਹ....

ਅਭਿਜੀਤ ਮਹੂਰਤ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਰੱਖਿਆ ਅਯੁੱਧਿਆ ਵਿੱਚ ਰਾਮਲਲਾ ਦੇ ਮੰਦਿਰ ਦੀ ਨੀਂਹ ਦਾ ਪਹਿਲਾ ਪੱਥਰ। ਪੇਜ 34-35

# ਸੰਪਾਦਕ ਦੀ ਕਲਮ ਤੋਂ...


ਇਸ 15 ਅਗਸਤ ਨੂੰ ਦੇਸ਼ 74ਵਾਂ ਸੁਤੰਤਰਤਾ ਦਿਵਸ ਮਨਾ ਰਿਹਾ ਹੈ ਤੇ 'ਭਾਰਤ ਛੱਡੋ ਅੰਦੋਲਨ' ਦੇ 78 ਸਾਲ ਪੂਰੇ ਹੋਏ ਹਨ। ਇਸੇ ਅੰਦੋਲਨ 'ਚ ਰਾਸ਼ਟਰਪਿਤਾ ਮਹਾਤਮਾ ਗਾਂਧੀ ਨੇ 8 ਅਗਸਤ, 1942 ਨੂੰ 'ਕਰੋ ਜਾਂ ਮਰੋ' ਦਾ ਨਾਅਰਾ ਦਿੱਤਾ ਸੀ। ਲੇਕਿਨ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਸ ਨਾਅਰੇ ਨੂੰ ਅੱਗੇ ਵਧਾਉਂਦੇ ਹੋਏ "ਕਰਾਂਗੇ ਅਤੇ ਕਰਕੇ ਰਹਾਂਗੇ" (ਕਰੇਂਗੇ ਔਰ ਕਰਕੇ ਰਹੇਂਗੇ) ਦੇ ਸੰਕਲਪ ਦੇ ਨਾਲ ਦੇਸ਼ ਅਤੇ ਸਮਾਜ ਨੂੰ ਗ਼ਰੀਬੀ, ਭ੍ਰਿਸ਼ਟਾਚਾਰ, ਬੇਰੋਜ਼ਗਾਰੀ, ਕੁਪੋਸ਼ਣ ਜਿਹੀਆਂ ਬੁਰਾਈਆਂ ਤੋਂ ਮੁਕਤੀ ਦਿਵਾਉਣ ਦੀ ਦਿਸ਼ਾ ਵਿੱਚ ਕਦਮ ਵਧਾ ਰਹੇ ਹਨ। ਇਹ ਸਹੀ ਮਾਅਨੇ ਵਿੱਚ ਆਜ਼ਾਦੀ ਹੋਵੇਗੀ, ਜਿਸ ਨੂੰ ਧਿਆਨ 'ਚ ਰੱਖਦੇ ਹੋਏ ਸੁਤੰਤਰਤਾ ਦਿਵਸ ਦੇ ਮੌਕੇ 'ਤੇ ਅਸੀਂ 'ਨਿਊ ਇੰਡੀਆ ਸਮਾਚਾਰ ਪਖਵਾੜਾ ਪੱਤ੍ਰਿਕਾ ਦੀ ਸ਼ੁਰੂਆਤ ਕਰ ਰਹੇ ਹਾਂ। ਇਹ ਪੱਤ੍ਰਿਕਾ ਰਾਸ਼ਟਰਪਿਤਾ ਨੂੰ ਸਮਰਪਿਤ ਹੈ, ਜੋ '**ਹਰੀਜਨ**' ਪੱਤ੍ਰਿਕਾ ਵਿੱਚ ਲਿਖਿਆ ਕਰਦੇ ਸਨ ਤੇ ਉਨ੍ਹਾਂ ਨੇ ਹਫ਼ਤਾਵਾਰੀ '**ਯੰਗ ਇੰਡੀਆ**' ਦਾ ਸੰਪਾਦਨ ਕੀਤਾ ਸੀ।

ਇਸ ਵਿੱਚ ਸਾਰੀਆਂ ਤਾਜ਼ਾ ਘਟਨਾਵਾਂ ਦਾ ਅਰਥ ਤੇ ਯਥਾਰਥ ਦੱਸਿਆ ਜਾਵੇਗਾ। ਹਰ ਅੰਕ ਵਿੱਚ ਇੱਕ ਸਰਕਾਰੀ ਸਕੀਮ ਦਾ ਪੂਰਾ ਵਰਣਨ, ਸਮਾਜਿਕ ਯੋਜਨਾਵਾਂ ਦੇ ਚੰਗੇ ਨਤੀਜੇ, ਕੈਬਨਿਟ ਦੇ ਮਹੱਤਵਰਪੂਰਨ ਫ਼ੈਸਲੇ ਤੇ ਕਵਰ ਸਟੋਰੀ ਦੱਸੇ ਜਾਣਗੇ। ਭਾਰਤ ਦੀ ਕਹਾਣੀ, 'ਮਨ ਕੀ ਬਾਤ' ਜਿਹੇ ਅਨੇਕ ਵਿਸ਼ੇ ਰਹਿਣਗੇ। ਇਹ ਪੱਤ੍ਰਿਕਾ ਮੁਫ਼ਤ ਵਿੱਚ ਸਾਰੀਆਂ ਗ੍ਰਾਮ ਪੰਚਾਇਤਾਂ, ਪੰਚਾਇਤ ਸਮਿਤੀ, ਜ਼ਿਲ੍ਹਾ ਪਰਿਸ਼ਦ ਦੇ ਦਫ਼ਤਰ ਅਤੇ ਮੈਂਬਰ, ਵਿਧਾਇਕ, ਸਾਂਸਦ, ਨਿਆਂਪਾਲਿਕਾ, ਪੱਤਰਕਾਰ ਸਭ ਨੂੰ ਮਿਲੇਗੀ।

ਇਸ ਪੱਤ੍ਰਿਕਾ ਦੀ ਈ-ਬੁੱਕ ਵੀ ਨਿਕਲੇਗੀ ਜੋ ਸਭ ਦੇ ਪ੍ਰਯੋਗ ਲਈ ਅਸਾਨ ਹੋਵੇਗੀ। ਇਹ ਈ-ਬੁੱਕ ਸਾਰੇ ਅਧਿਆਪਕਾਂ, ਪ੍ਰੋਫੈਸਰਾਂ ਅਤੇ ਜਿਨ੍ਹਾਂ ਦਾ ਈ-ਮੇਲ ਪਤਾ ਸਾਡੇ ਪਾਸ ਹੈ, ਉਨ੍ਹਾਂ ਸਭ ਨੂੰ ਮਿਲੇਗੀ। ਇਹ ਸਰਕਾਰੀ ਮੁੱਖਪੱਤਰ ਨਹੀਂ ਹੈ, ਇਹ ਸਰਕਾਰ ਦੁਆਰਾ ਜਨ ਹਿਤ ਵਿੱਚ ਉਠਾਏ ਗਏ ਕਦਮਾਂ ਤੇ ਹੋਰ ਸਾਰੇ ਕੰਮਕਾਜ ਦੀ ਜਾਣਕਾਰੀ ਦੇਣ ਵਾਲੀ ਪੱਤ੍ਰਿਕਾ ਹੈ।

**ਆਸ਼ਾ ਹੈ ਆਪ ਨੂੰ ਇਹ ਪੱਤ੍ਰਿਕਾ ਪਸੰਦ ਆਵੇਗੀ। ਆਪ ਇਸ ਨੂੰ ਪੜ੍ਹੋ ਤੇ ਸਾਨੂੰ ਲਿਖੋ ਵੀ। ਬਹੁਤ-ਬਹੁਤ ਧੰਨਵਾਦ।**

ਕੁਲਦੀਪ
(ਕੁਲਦੀਪ ਧਤਵਾਲਿਆ)



ਇੱਕ ਛੋਟਾ ਜਿਹਾ ਮੰਤਰ ਹੈ ਜੋ ਮੈਂ ਤੁਹਾਨੂੰ ਦਿੰਦਾ ਹਾਂ। ਇਸ ਨੂੰ ਤੁਸੀਂ ਆਪਣੇ ਹਿਰਦੇ ਵਿੱਚ ਅੰਕਿਤ ਕਰੋ ਤੇ ਆਪਣੇ ਹਰੇਕ ਸਾਹ ਵਿੱਚ ਉਸ ਨੂੰ ਪ੍ਰਗਟ ਕਰੋ। ਇਹ ਮੰਤਰ ਹੈ-"ਕਰੋ ਜਾਂ ਮਰੋ"। ਆਪਣੇ ਇਸ ਯਤਨ ਵਿੱਚ ਅਸੀਂ ਜਾਂ ਤਾਂ ਸੁਤੰਤਰਤਾ ਪ੍ਰਾਪਤ ਕਰਾਂਗੇ ਜਾਂ ਫਿਰ ਜਾਨ ਦੇ ਦੇਵਾਂਗੇ।


**-ਮਹਾਤਮਾ ਗਾਂਧੀ (ਭਾਰਤ ਛੱਡੋ ਅੰਦੋਲਨ ਦਾ ਪ੍ਰਸਤਾਵ ਪਾਸ ਹੋਣ ਦੇ ਬਾਅਦ ਬਿਆਨ)**

# 'ਕਰੋ ਜਾਂ ਮਰੋ' ਤੋਂ 'ਕਰਾਂਗੇ ਤੇ ਕਰਕੇ ਰਹਾਂਗੇ' ਹੀ ਬਾਪੂ ਨੂੰ ਸੱਚੀ ਸ਼ਰਧਾਂਜਲੀ

**ਸਥਾਨ-ਮੁੰਬਈ ਦਾ ਗਵਾਲੀਆ ਟੈਂਕ ਮੈਦਾਨ।**
**ਮਿਤੀ-8 ਅਗਸਤ, 1942**

ਭਾਰਤ 'ਚ ਬ੍ਰਿਟਿਸ਼ ਸਾਮਰਾਜ ਨੂੰ ਜੜ੍ਹ ਤੋਂ ਉਖਾੜ ਸੁੱਟਣ ਲਈ ਰਾਸ਼ਟਰਪਿਤਾ ਮਹਾਤਮਾ ਗਾਂਧੀ ਨੇ 'ਕਰੋ ਜਾਂ ਮਰੋ' ਦੇ ਨਾਅਰੇ ਨਾਲ ਸਮੁੱਚੇ ਦੇਸ਼ ਦੀ ਜਨਤਾ ਨੂੰ ਸੱਦਾ ਦੇ ਕੇ 'ਭਾਰਤ ਛੱਡੋ ਅੰਦੋਲਨ' ਦੀ ਸ਼ੁਰੂਆਤ ਕੀਤੀ। ਬਾਪੂ ਦਾ 'ਅੰਗਰੇਜ਼ੋ ਭਾਰਤ ਛੱਡੋ' ਅਤੇ 'ਕਰੋ ਜਾਂ ਮਰੋ' ਦਾ ਇਹ ਮੰਤਰ ਇਸ ਅੰਦੋਲਨ ਦੀ ਪਹਿਚਾਣ ਬਣ ਗਿਆ। ਘਬਰਾਈ ਬ੍ਰਿਟਿਸ਼ ਸਰਕਾਰ ਨੇ ਬਾਪੂ ਦੇ ਸੱਦੇ ਦੇ 24 ਘੰਟਿਆਂ ਦੇ ਅੰਦਰ ਹੀ ਸੁਤੰਤਰਤਾ ਦੇ ਅੰਦੋਲਨ ਦੀ ਸਮੁੱਚੀ ਲੀਡਰਸ਼ਿਪ ਨੂੰ ਹੀ ਗ੍ਰਿਫਤਾਰ ਕਰ ਕੇ ਜੇਲ੍ਹ ਵਿੱਚ ਸੁੱਟ ਦਿੱਤਾ। ਸਾਰੇ ਵੱਡੇ ਆਗੂਆਂ ਨੂੰ ਜੇਲ੍ਹ ਭੇਜਣ ਦੇ ਬਾਵਜੂਦ ਅਰੁਣਾ ਆਸਫ਼ ਅਲੀ ਨੇ ਅਗਲੇ ਦਿਨ ਗਵਾਲੀਆ ਟੈਂਕ ਮੈਦਾਨ 'ਚ ਤਿਰੰਗਾ ਲਹਿਰਾਇਆ। ਭਾਰਤੀ ਇਤਿਹਾਸ ਵਿੱਚ ਇਸ ਨੂੰ 'ਅਗਸਤ ਕ੍ਰਾਂਤੀ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

ਭਾਰਤ ਛੱਡੋ ਅੰਦੋਲਨ ਦੀ 75ਵੀਂ ਵਰ੍ਹੇਗੰਢ ਦੇ ਅਵਸਰ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੀ ਸੰਸਦ ਵਿੱਚ ਬਾਪੂ ਦੇ ਸ਼ਬਦਾਂ ਉੱਤੇ ਜ਼ੋਰ ਦਿੰਦਿਆਂ ਕਿਹਾ ਸੀ, "1947 ਦੀ ਆਜ਼ਾਦੀ ਤੋਂ ਪਹਿਲਾਂ





**ਬਾਪੂ ਦੇ ਇਸ ਬੇਮਿਸਾਲ ਸੱਦੇ 'ਤੇ ਜਾਰੀ ਡਾਕ ਟਿਕਟ**

1942 ਦਾ ਅੰਦੋਲਨ, ਅੰਤਿਮ ਵਿਆਪਕ ਜਨ ਅੰਦੋਲਨ ਸੀ। ਇਹ ਅੰਦੋਲਨ ਦੇਸ਼ ਦੇ ਕੋਣੇ-ਕੋਣੇ ਤੱਕ ਪੁੱਜਾ। ਉਸ ਸਮੇਂ ਬਾਪੂ ਨੇ ਕਿਹਾ ਸੀ 'ਕਰੋ ਜਾਂ ਮਰੋ।' ਇਸ ਦਾ ਸੂਤਰ ਸੀ-"ਕਰਾਂਗੇ ਤੇ ਕਰ ਕੇ ਰਹਾਂਗੇ"। 2017 ਤੋਂ 2022 ਦਾ ਭਾਰਤ ਕਿਹੋ ਜਿਹਾ ਹੋਵੇ? ਇਹ ਸੰਕਲਪ ਲੈ ਕੇ ਜੇ ਅੱਗੇ ਚਲਣਾ ਹੈ ਤਾਂ ਇਹੋ ਸਾਡਾ ਸੂਤਰ ਵੀ ਹੋਣਾ ਚਾਹੀਦਾ ਹੈ। ਸਾਨੂੰ 1942 ਦੇ 'ਭਾਰਤ ਛੱਡੋ ਅੰਦੋਲਨ' ਵਾਂਗ ਹੀ ਸੰਕਲਪ ਲੈਣਾ ਹੋਵੇਗਾ ਕਿ ਅਸੀਂ ਭ੍ਰਿਸ਼ਟਾਚਾਰ, ਗ਼ਰੀਬੀ, ਬੇਰੋਜ਼ਗਾਰੀ, ਕੁਪੋਸ਼ਣ ਜਿਹੀਆਂ ਬੁਰਾਈਆਂ ਨੂੰ ਦੂਰ ਕਰਾਂਗੇ ਤੇ ਕਰ ਕੇ ਰਹਾਂਗੇ। ਅਸੀਂ 2022 ਵਿੱਚ ਆਪਣਾ 75ਵਾਂ ਸੁਤੰਤਰਤਾ ਦਿਵਸ ਮਨਾਉਣ ਜਾ ਰਹੇ ਹਾਂ। ਇਸ ਲਈ ਸਾਨੂੰ ਇਹੋ ਸੰਕਲਪ ਅੱਗੇ ਲੈ ਕੇ ਚਲਣਾ ਹੋਵੇਗਾ।'

ਭਾਰਤ ਛੱਡੋ ਅੰਦੋਲਨ ਦੇ ਆਪਣੇ ਭਾਸ਼ਣ ਵਿੱਚ ਗਾਂਧੀ ਜੀ ਨੇ ਕਿਹਾ ਸੀ, 'ਸਾਡੀ ਇਹ ਲੜਾਈ ਸੱਤਾ ਲਈ ਨਹੀਂ ਹੈ, ਬਲਕਿ ਅਹਿੰਸਾ ਦੇ ਰਸਤੇ ਉੱਤੇ ਅੱਗੇ ਵਧ ਕੇ ਭਾਰਤ ਨੂੰ ਸੁਤੰਤਰਤਾ ਦਿਵਾਉਣ ਲਈ ਹੈ।' ਸਾਲ 1942 'ਚ ਜਿਵੇਂ ਗਾਂਧੀ ਜੀ ਨੇ 'ਅੰਗਰੇਜ਼ੋ ਭਾਰਤ ਛੱਡੋ' ਦਾ ਸੰਕਲਪ ਦਿੱਤਾ ਸੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸ਼ਬਦਾਂ ਵਿੱਚ ਸਾਨੂੰ ਵੀ ਅੱਜ ਨਵੇਂ ਭਾਰਤ ਦੇ ਨਿਰਮਾਣ ਲਈ ਅਜਿਹੇ ਹੀ ਸੰਕਲਪ ਦੀ ਜ਼ਰੂਰਤ ਹੈ। ਪ੍ਰਧਾਨ ਮੰਤਰੀ ਮੋਦੀ ਇਹ ਸਪਸ਼ਟ ਕਰਦੇ ਹਨ ਕਿ ਇਹ ਕਿਸੇ ਪਾਰਟੀ ਜਾਂ ਕਿਸੇ ਨੇਤਾ ਨਹੀਂ, ਬਲਕਿ ਸਵਾ ਸੌ ਕਰੋੜ ਦੇਸ਼ਵਾਸੀਆਂ ਦਾ ਸੰਕਲਪ ਹੈ। ਤਾਂ ਜੋ ਸਾਡੇ ਸੁਤੰਤਰਤਾ ਸੰਗ੍ਰਾਮ ਦੇ ਸੈਨਾਨੀਆਂ ਨੇ ਆਜ਼ਾਦੀ ਲਈ ਜੋ ਸੰਘਰਸ਼ ਕੀਤੇ ਅਤੇ ਕੁਰਬਾਨੀਆਂ ਦਿੱਤੀਆਂ, ਹੁਣ ਇਸ ਸੰਕਲਪ ਜ਼ਰੀਏ ਅਸੀਂ ਸਹੀ ਅਰਥਾਂ ਵਿੱਚ ਉਸ ਆਜ਼ਾਦੀ ਨੂੰ ਮਹਿਸੂਸ ਕਰ ਸਕੀਏ।■

# ਟੀਚੇ ਤੋਂ ਪਹਿਲਾਂ ਭਾਰਤ ਵਿੱਚ ਦੁੱਗਣੇ ਹੋਏ ਬਾਘ

## 2022 'ਚ ਪੂਰਾ ਕਰਨਾ ਸੀ ਟੀਚਾ, ਭਾਰਤ ਨੇ 2018 'ਚ ਹੀ ਪੂਰਾ ਕੀਤਾ



ਭਾਰਤ ਨੇ ਬਾਘਾਂ ਦੀ ਆਬਾਦੀ ਦੇ ਮਾਮਲੇ ਵਿੱਚ ਨਵਾਂ ਵਿਸ਼ਵ ਰਿਕਾਰਡ ਬਣਾਇਆ ਹੈ। ਸਾਲ 2006 'ਚ ਭਾਰਤ ਵਿੱਚ ਬਾਘਾਂ ਦੀ ਸੰਖਿਆ 1,411 ਸੀ, ਜੋ 2018 'ਚ ਵਧ ਕੇ 2,967 ਹੋ ਗਈ। ਤੈਅ ਸਮੇਂ ਤੋਂ 4 ਸਾਲ ਪਹਿਲਾਂ ਭਾਰਤ ਨੇ ਇਹ ਉਪਲਬਧੀ ਹਾਸਲ ਕੀਤੀ ਹੈ। ਬਾਘਾਂ ਦੀ ਸੰਖਿਆ ਲਈ ਲਗਭਗ 26,760 ਸਥਾਨਾਂ 'ਤੇ ਲਗਾਏ ਪੇਅਰਡ ਕੈਮਰਾ ਟ੍ਰੈਪ ਨਾਲ 3.5 ਕਰੋੜ ਤਸਵੀਰਾਂ ਖਿੱਚੀਆਂ ਗਈਆਂ, ਜਿਨ੍ਹਾਂ ਨੂੰ 'ਗਿੰਨੀਜ਼ ਬੁੱਕ ਆਵ੍ ਵਰਲਡ ਰਿਕਾਰਡ' ਵਿੱਚ ਦਰਜ ਕੀਤਾ ਗਿਆ। ਵਣ ਤੇ ਵਾਤਾਵਰਣ ਮੰਤਰੀ ਪ੍ਰਕਾਸ਼ ਜਾਵਡੇਕਰ ਨੇ ਅੰਤਰਰਾਸ਼ਟਰੀ ਬਾਘ ਦਿਵਸ ਦੇ ਮੌਕੇ 'ਤੇ ਬਾਘਾਂ ਦੀ ਸੰਖਿਆ ਬਾਰੇ ਰਿਪੋਰਟ ਵੀ ਜਾਰੀ ਕੀਤੀ। ਉਨ੍ਹਾਂ ਕਿਹਾ, 'ਇਹ ਆਤਮਨਿਰਭਰ ਭਾਰਤ ਦੀ ਇੱਕ ਉਤਕ੍ਰਿਸ਼ਟ ਉਦਾਹਰਣ ਹੈ। ਪ੍ਰਧਾਨ ਮੰਤਰੀ ਦੀ ਲੀਡਰਸ਼ਿਪ ਵਿੱਚ 'ਸੰਕਲਪ ਸੇ ਸਿੱਧੀ' ਜ਼ਰੀਏ ਸੰਕਲਪ ਪੂਰਾ ਹੋਇਆ ਹੈ। ਦੁਨੀਆ ਦੇ 70 ਫੀਸਦੀ ਬਾਘ ਭਾਰਤ 'ਚ ਹਨ।

# ਮਹਿਜ਼ ਇੱਕ ਸਾਲ 'ਚ 82% ਘੱਟ ਹੋਏ ਤੀਹਰੇ-ਤਲਾਕ ਦੇ ਮਾਮਲੇ



ਪਹਿਲੀ ਅਗਸਤ ਦੀ ਤਰੀਕ ਮੁਸਲਿਮ ਮਹਿਲਾਵਾਂ ਲਈ ਸੰਵਿਧਾਨਕ-ਮੌਲਿਕ-ਲੋਕਤਾਂਤਰਿਕ ਅਤੇ ਸਮਾਨਤਾ ਦੇ ਅਧਿਕਾਰਾਂ ਦਾ ਦਿਨ ਬਣ ਗਿਆ ਹੈ। ਸੁਪਰੀਮ ਕੋਰਟ ਦੇ ਨਿਰਦੇਸ਼ 'ਤੇ ਮੋਦੀ ਸਰਕਾਰ ਦੁਆਰਾ ਤਲਾਕ-ਏ-ਬਿੱਦਤ ਉੱਤੇ ਪਿਛਲੇ ਸਾਲ ਕਾਨੂੰਨ ਲਿਆਂਦਾ ਗਿਆ ਸੀ। ਜਿਸ ਤੋਂ ਬਾਅਦ ਸਿਰਫ਼ ਇੱਕ ਸਾਲ ਵਿੱਚ ਤਲਾਕ ਦੇ ਅਜਿਹੇ ਮਾਮਲਿਆਂ ਵਿੱਚ 82 ਫ਼ੀਸਦੀ ਕਮੀ ਆਈ ਹੈ। ਜਿੱਥੇ ਅਜਿਹੇ ਮਾਮਲੇ ਸਾਹਮਣੇ ਆਏ, ਉੱਥੇ ਕਾਨੂੰਨ ਨੇ ਆਪਣਾ ਕੰਮ ਕੀਤਾ ਹੈ। ਘੱਟ ਗਿਣਤੀ ਮਾਮਲਿਆਂ ਦੇ ਕੇਂਦਰੀ ਮੰਤਰੀ ਮੁਖ਼ਤਾਰ ਅੱਬਾਸ ਨਕਵੀ ਮੁਤਾਬਕ, ਇਹ ਤਰੀਕ ਹੁਣ ਭਾਰਤ ਦੇ ਇਤਿਹਾਸ ਵਿੱਚ 'ਮੁਸਲਿਮ ਮਹਿਲਾ ਅਧਿਕਾਰ ਦਿਵਸ' ਵਜੋਂ ਦਰਜ ਹੋ ਚੁੱਕੀ ਹੈ। ਸ਼੍ਰੀ ਨਕਵੀ ਨੇ ਕਿਹਾ ਕਿ 1986 'ਚ ਸ਼ਾਹਬਾਨੋ ਕੇਸ ਵਿੱਚ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਉਦੋਂ ਦੀ ਸਰਕਾਰ ਮੁਸਲਿਮ ਮਹਿਲਾਵਾਂ ਦੇ ਹਿਤ ਨੂੰ ਧਿਆਨ 'ਚ ਰੱਖ ਕੇ ਫ਼ੈਸਲਾ ਕਰ ਸਕਦੀ ਸੀ ਪਰ ਉਦੋਂ ਦੀ ਸਰਕਾਰ ਨੇ 'ਦਕੀਆਨੂਸੀ ਕੱਟੜਪੰਥੀਆਂ ਦੇ ਕੁਤਰਕਾਂ' ਅੱਗੇ ਗੋਡੇ ਟੇਕ ਦਿੱਤੇ।





# ਸੈਨਾ ਨੂੰ ਰਣਨੀਤਕ ਸੁਵਿਧਾ ਨਾਲ ਪੈਨਸ਼ਨ ਦਾ ਵੀ ਲਾਭ

ਭਾਰਤੀ ਸੈਨਾ ਨੂੰ ਰਣਨੀਤਕ ਦੇ ਨਾਲ-ਨਾਲ ਨਿਜੀ ਮੋਰਚੇ ਉੱਤੇ ਵੀ ਮਜ਼ਬੂਤੀ ਦੇਣ ਦੀ ਦਿਸ਼ਾ ਵਿੱਚ ਕੇਂਦਰ ਸਰਕਾਰ ਨੇ ਕਦਮ ਉਠਾਏ ਹਨ। ਜੰਮੂ-ਕਸ਼ਮੀਰ ਵਿੱਚ ਕੰਟਰੋਲ ਰੇਖਾ ਨਾਲ ਲਗਦੇ ਇਲਾਕਿਆਂ ਵਿੱਚ ਸੈਨਾ ਦੀ ਸਹੂਲਤ ਲਈ 'ਬਾਰਡਰ ਰੋਡ ਆਰਗੇਨਾਇਜ਼ੇਸ਼ਨ' (ਬੀਆਰਓ) ਨੇ 43 ਕਰੋੜ ਰੁਪਏ ਦੀ ਲਾਗਤ ਨਾਲ 6 ਨਵੇਂ ਪੁਲ਼ ਤਿਆਰ ਕਰ ਕੇ ਸੈਨਾ ਨੂੰ ਸੌਂਪ ਦਿੱਤੇ ਹਨ। ਜਦ ਕਿ ਦੂਜੇ ਪਾਸੇ ਸੈਨਾ ਵਿੱਚ 10 ਸਾਲਾਂ ਤੋਂ ਘੱਟ ਸੇਵਾ ਦੇਣ ਵਾਲੇ ਜਵਾਨਾਂ ਨੂੰ ਵੀ ਹੁਣ ਅਸਮਰੱਥ (ਇਨਕੈਪੇਬਲ) ਪੈਨਸ਼ਨ ਦਾ ਲਾਭ ਮਿਲੇਗਾ, ਜਦ ਕਿ ਪਹਿਲਾਂ ਇਸ ਨਾਲੋਂ ਜ਼ਿਆਦਾ ਸਾਲਾਂ ਦੀ ਸੇਵਾ ਦੇਣ ਵਾਲਿਆਂ ਨੂੰ ਹੀ ਪੈਨਸ਼ਨ ਮਿਲਦੀ ਸੀ। ਖਾਸ ਤੌਰ 'ਤੇ ਸੇਵਾ ਦੌਰਾਨ ਸਰੀਰਕ ਤੌਰ ਉੱਤੇ ਅਸਮਰੱਥ ਹੋਣ ਵਾਲੇ ਜਾਂ ਹੋਰ ਕਾਰਨ ਕਰਕੇ ਪਹਿਲਾਂ ਹੀ ਸੇਵਾ-ਮੁਕਤ ਕੀਤੇ ਜਾਣ ਵਾਲੇ ਜਵਾਨਾਂ ਨੂੰ ਹੁਣ ਇਸ ਦਾ ਲਾਭ ਮਿਲ ਸਕੇਗਾ।


# ਹੈਲਥ ਤੇ ਵੈੱਲਨੈੱਸ ਸੈਂਟਰ ਵਿੱਚ 19.93 ਕਰੋੜ ਲੋਕਾਂ ਦਾ ਇਲਾਜ



ਕੋਰੋਨਾ ਮਹਾਮਾਰੀ ਦੌਰਾਨ ਮੋਦੀ ਸਰਕਾਰ ਦੀ ਅਹਿਮ ਸਿਹਤ ਯੋਜਨਾ 'ਆਯੁਸ਼ਮਾਨ ਭਾਰਤ' ਲੋਕਾਂ ਲਈ ਰਾਹਤ ਭਰਪੂਰ ਰਹੀ। 'ਆਯੁਸ਼ਮਾਨ ਭਾਰਤ' ਤਹਿਤ ਸੰਚਾਲਿਤ ਹੈਲਥ ਐਂਡ ਵੈੱਲਨੈੱਸ ਸੈਂਟਰ ਵਿੱਚ 14 ਅਪ੍ਰੈਲ ਤੋਂ ਹੁਣ ਤੱਕ 19 ਕਰੋੜ 93 ਲੱਖ ਲੋਕ ਸਿਹਤ ਲਾਭ ਲੈ ਚੁੱਕੇ ਹਨ। ਇਨ੍ਹਾਂ ਵਿੱਚੋਂ 44 ਲੱਖ ਲੋਕ ਇਕੱਲੇ 18 ਜੁਲਾਈ ਤੋਂ 24 ਜੁਲਾਈ ਤੱਕ ਵੈੱਲਨੈਸ ਸੈਂਟਰ ਪੁੱਜੇ। ਇਸ ਦੌਰਾਨ ਲੋਕਾਂ ਦੀਆਂ ਸਿਹਤ ਸਮੱਸਿਆਵਾਂ ਨੂੰ ਦੇਖਦਿਆਂ ਕੇਂਦਰ ਸਰਕਾਰ ਨੇ 13 ਹਜ਼ਾਰ 657 ਅਤਿਰਿਕਤ ਹੈਲਥ ਐਂਡ ਵੈੱਲਨੈਸ ਸੈਂਟਰਾਂ ਦੀ ਸ਼ੁਰੂਆਤ ਕੀਤੀ। ਇਸ ਸਮੇਂ 44 ਹਜ਼ਾਰ ਤੋਂ ਜ਼ਿਆਦਾ ਵੈੱਲਨੈੱਸ ਸੈਂਟਰ ਦੇਸ਼ ਭਰ ਵਿੱਚ ਚਲਾਏ ਜਾ ਰਹੇ ਹਨ।

## 2009-14 ਵਿੱਚ 2 ਕਿਲੋਮੀਟਰ ਤੇ ਹੁਣ ਰੋਜ਼ਾਨਾ 8.5 ਕਿਲੋਮੀਟਰ ਰੇਲ ਰੂਟ ਦਾ ਹੋ ਰਿਹਾ ਬਿਜਲੀਕਰਨ

ਰੇਲ ਮੰਤਰਾਲੇ ਨੇ 2030 ਤੱਕ ਭਾਰਤੀ ਰੇਲ ਨੂੰ ਪੂਰੀ ਤਰ੍ਹਾਂ ਬਦਲ ਕੇ ਗ੍ਰੀਨ ਰੇਲਵੇ ਬਣਾਉਣ ਦੀ ਦਿਸ਼ਾ ਵਿੱਚ ਵੱਡੀ ਪਹਿਲ ਕੀਤੀ ਹੈ। ਇਸ ਲਈ ਰੇਲਵੇ ਨੇ 40,000 ਕਿਲੋਮੀਟਰ ਤੋਂ ਜ਼ਿਆਦਾ ਰੂਟਾਂ ਦੇ ਬਿਜਲੀਕਰਨ ਦਾ ਕੰਮ ਪੂਰਾ ਕਰ ਲਿਆ ਹੈ। ਰੇਲ ਮੰਤਰਾਲੇ ਅਨੁਸਾਰ 2014 ਤੋਂ 2020 ਦੌਰਾਨ ਕੁੱਲ 18605 ਕਿਲੋਮੀਟਰ ਰੂਟ ਦੇ ਬਿਜਲੀਕਰਨ ਦਾ ਕੰਮ ਕੀਤਾ ਗਿਆ ਹੈ। ਇਸ ਦੇ ਮੁਕਾਬਲੇ 2009 ਤੋਂ 2014 ਦੌਰਾਨ ਸਿਰਫ਼ 3835 ਕਿਲੋਮੀਟਰ ਮਾਰਗ ਨੂੰ ਬਿਜਲੀ ਨਾਲ ਜੋੜਿਆ



ਸੀ। ਰੇਲਵੇ ਨੇ 2023 ਤੱਕ ਸਾਰੇ ਰੁੱਝੇ ਹੋਏ ਮਾਰਗਾਂ ਦੇ ਬਿਜਲੀਕਰਨ ਦਾ ਟੀਚਾ ਤੈਅ ਕੀਤਾ ਹੈ। ਇਹੀ ਨਹੀਂ, ਸੌਰ ਊਰਜਾ ਨੂੰ ਹੁਲਾਰਾ ਦੇਣ ਲਈ ਹੁਣ 900 ਸਟੇਸ਼ਨਾਂ ਸਹਿਤ ਰੇਲਵੇ ਨਾਲ ਜੁੜੀਆ ਸਰਕਾਰੀ ਇਮਾਰਤਾਂ ਉੱਤੇ 100 ਮੈਗਾਵਾਟ ਸਮਰੱਥਾ ਵਾਲੇ ਸੋਲਰ ਪਲਾਂਟ ਲਗਾਏ ਗਏ ਹਨ। ਰੇਲ ਮੰਤਰੀ ਪੀਯੂਸ਼ ਗੋਇਲ ਅਨੁਸਾਰ 2030 ਤੱਕ ਭਾਰਤੀ ਰੇਲ ਪੂਰੀ ਤਰ੍ਹਾਂ 'ਗ੍ਰੀਨ ਰੇਲਵੇ' 'ਚ ਬਦਲਣ ਦੀ ਦਿਸ਼ਾ ਵਿੱਚ ਕੰਮ ਕਰ ਰਹੀ ਹੈ।

## ਦੋ ਮਹੀਨਿਆਂ ਵਿੱਚ 2.6 ਲੱਖ ਤੋਂ ਜ਼ਿਆਦਾ ਰੇਹੜੀ-ਪਟੜੀ ਵਾਲਿਆਂ ਨੂੰ ਲਾਭ



ਰੇਹੜੀ-ਪਟੜੀ ਵਾਲੇ ਯਾਨੀ ਸਟ੍ਰੀਟ ਵੈਂਡਰਾਂ ਲਈ ਸ਼ੁਰੂ ਕੀਤੀ ਗਈ 'ਪੀਐੱਮ ਸਵਨਿਧੀ ਯੋਜਨਾ' ਵਿੱਚ ਹੁਣ ਐਪ ਜ਼ਰੀਏ ਵੀ ਲੋਨ ਲਈ ਅਰਜ਼ੀ ਦਿੱਤੀ ਜਾ ਸਕੇਗੀ। ਐਪ ਦੁਆਰਾ ਹੀ ਕਿਸੇ ਵੀ ਈ-ਕੇਵਾਈਸੀ, ਅਰਜ਼ੀ ਪ੍ਰਕਿਰਿਆ ਤੇ ਬਿਨੈ-ਪੱਤਰ ਉੱਤੇ ਨਜ਼ਰ ਰੱਖੀ ਜਾ ਸਕਦੀ ਹੈ। ਰੇਹੜੀ-ਪਟੜੀ ਵਾਲਿਆਂ ਦੀ ਮਦਦ ਲਈ 1 ਜੂਨ ਤੋਂ ਇਸ ਯੋਜਨਾ ਦੀ ਸ਼ੁਰੂਆਤ ਕੀਤੀ ਗਈ ਸੀ। 5,000 ਕਰੋੜ ਰੁਪਏ ਦੀ ਯੋਜਨਾ ਤਹਿਤ ਰੇਹੜੀ-ਪਟੜੀ ਵਾਲਿਆਂ ਨੂੰ 10,000 ਰੁਪਏ ਤੱਕ ਦਾ ਲੋਨ ਦਿੱਤਾ ਜਾਣਾ ਹੈ। ਜੁਲਾਈ ਤੱਕ 2.6 ਲੱਖ ਤੋਂ ਜ਼ਿਆਦਾ ਰੇਹੜੀ-ਪਟੜੀ ਵਾਲਿਆਂ ਨੇ ਲੋਨ ਲਈ ਅਪਲਾਈ ਕੀਤਾ ਹੈ, ਜਿਨ੍ਹਾਂ ਵਿੱਚੋਂ 64,000 ਤੋਂ ਜ਼ਿਆਦਾ ਅਰਜ਼ੀਆਂ ਨੂੰ ਮਨਜ਼ੂਰੀ ਮਿਲ ਗਈ ਹੈ।

## ਬੇਟੀਆਂ ਨੂੰ ਬਰਾਬਰੀ ਦਾ ਹੱਕ: ਥਲ ਸੈਨਾ ਵਿੱਚ ਸਥਾਈ ਕਮਿਸ਼ਨ ਦੇਣ ਦਾ ਆਦੇਸ਼



ਭਾਰਤੀ ਸੈਨਾ 'ਚ ਹੁਣ ਬੇਟੀਆਂ ਨੂੰ ਵੀ ਬਰਾਬਰ ਦਾ ਹੱਕ ਮਿਲੇਗਾ। ਰੱਖਿਆ ਮੰਤਰਾਲੇ ਨੇ ਇਸ ਲਈ ਜ਼ਰੂਰੀ ਆਦੇਸ਼ ਜਾਰੀ ਕਰ ਦਿੱਤਾ ਹੈ। ਮਹਿਲਾਵਾਂ ਨੂੰ ਸੈਨਾ ਦੀਆਂ ਸਾਰੀਆਂ 10 ਸਟ੍ਰੀਮ-ਆਰਮੀ, ਏਅਰ ਡਿਫੈਂਸ, ਸਿਗਨਲ, ਇੰਜੀਨੀਅਰ, ਏਵੀਏਸ਼ਨ, ਇਲੈਕਟ੍ਰੌਨਿਕਸ ਐਂਡ ਮਕੈਨੀਕਲ ਇੰਜੀਨੀਅਰ, ਆਰਮੀ ਸਰਵਿਸ ਕੋਰ, ਇੰਟੈਲੀਜੈਂਸ, ਜੱਜ, ਐਡਵੋਕੇਟ ਜਨਰਲ ਅਤੇ ਐਜੂਕੇਸ਼ਨਲ ਕੋਰ ਵਿੱਚ ਸਥਾਈ ਕਮਿਸ਼ਨ ਮਿਲ ਸਕੇਗਾ। ਵਾਯੂ ਸੈਨਾ ਤੇ ਜਲ ਸੈਨਾ ਵਿੱਚ ਮਹਿਲਾ ਅਫ਼ਸਰਾਂ ਨੂੰ ਪਹਿਲਾਂ ਤੋਂ ਹੀ ਸਥਾਈ ਕਮਿਸ਼ਨ ਮਿਲ ਰਿਹਾ ਹੈ। ਨਵੇਂ ਆਦੇਸ਼ ਤੋਂ ਬਾਅਦ ਥਲ ਸੈਨਾ ਵਿੱਚ ਵੀ ਸ਼ੌਰਟ ਸਰਵਿਸ ਕਮਿਸ਼ਨ ਹਾਸਲ ਕਰ ਰਹੀਆਂ ਮਹਿਲਾਵਾਂ ਹੁਣ ਸਥਾਈ ਕਮਿਸ਼ਨ ਲੈ ਸਕਣਗੀਆਂ।

## ਰੋਜ਼ਾਨਾ 1 ਲੱਖ ਘਰਾਂ ਵਿੱਚ ਲਗ ਰਹੇ ਹਨ ਜਲ ਕਨੈਕਸ਼ਨ

ਕੇਂਦਰ ਸਰਕਾਰ ਦੇਸ਼ ਦੇ ਹਰੇਕ ਘਰ ਤੱਕ ਪੀਣ ਵਾਲੇ ਪਾਣੀ ਦਾ ਕਨੈਕਸ਼ਨ ਪਹੁੰਚਾਉਣ ਦੀ ਯੋਜਨਾ 'ਤੇ ਕੰਮ ਕਰ ਰਹੀ ਹੈ। ਇਸੇ ਸੰਕਲਪ ਨੂੰ ਪੂਰਾ ਕਰਨ ਲਈ ਕੇਂਦਰੀ ਜਲਸ਼ਕਤੀ ਮੰਤਰਾਲੇ ਦੇ 'ਜਲ ਜੀਵਨ ਮਿਸ਼ਨ' ਤਹਿਤ 45 ਦਿਨਾਂ ਵਿੱਚ ਦੇਸ਼ ਦੇ 45 ਲੱਖ ਘਰਾਂ ਤੱਕ ਟੂਟੀ ਕਨੈਕਸ਼ਨ ਪਹੁੰਚਾਏ ਜਾ ਚੁੱਕੇ ਹਨ। ਭਾਵ ਹਰ ਰੋਜ਼ ਲੱਖ ਘਰਾਂ ਨੂੰ ਟੂਟੀਆਂ ਦੀ ਸੁਵਿਧਾ ਨਾਲ ਜੋੜ ਦਿੱਤਾ ਗਿਆ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸੁਤੰਤਰਤਾ ਦਿਵਸ ਦੇ ਅਵਸਰ 'ਤੇ ਪਿਛਲੇ ਸਾਲ ਇਸ ਯੋਜਨਾ ਦਾ ਐਲਾਨ ਕੀਤਾ ਸੀ। ਇਸ ਤਹਿਤ 2024 ਤੱਕ ਦੇਸ਼ ਦੇ ਹਰੇਕ ਘਰ ਨੂੰ ਟੂਟੀ ਕਨੈਕਸ਼ਨ ਨਾਲ ਜੋੜਿਆ ਜਾਣਾ ਹੈ। ਇਸ ਯੋਜਨਾ ਤਹਿਤ ਹੁਣ ਤੱਕ 84.83 ਲੱਖ ਗ੍ਰਾਮੀਣ ਆਵਾਸਾਂ ਨੂੰ ਟੂਟੀ ਕਨੈਕਸ਼ਨ ਦਿੱਤੇ ਜਾ ਚੁੱਕੇ ਹਨ। ਸਮੇਂ ਉੱਤੇ ਯੋਜਨਾ ਪੂਰੀ ਹੋਵੇ, ਇਸ ਲਈ ਹਰ ਸਾਲ 3.2 ਕਰੋੜ ਘਰਾਂ ਵਿੱਚ ਕਨੈਕਸ਼ਨ ਦਿੱਤੇ ਜਾਣੇ ਹਨ, ਯਾਨੀ ਰੋਜ਼ਾਨਾ 88,000 ਘਰਾਂ ਵਿੱਚ ਕਨੈਕਸ਼ਨ ਹੋਣੇ ਚਾਹੀਦੇ ਹਨ।



## ਮਣੀਪੁਰ 'ਚ ਵਾਟਰ ਪ੍ਰੋਜੈਕਟ ਦੀ ਸ਼ੁਰੂਆਤ


ਕੇਂਦਰੀ ਜਲਸ਼ਕਤੀ ਮੰਤਰਾਲੇ ਦੇ ਜਲ ਜੀਵਨ ਮਿਸ਼ਨ ਤਹਿਤ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਮਣੀਪੁਰ 'ਚ ਵਾਟਰ ਸਪਲਾਈ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ। 3,054.58 ਕਰੋੜ ਰੁਪਏ ਦੇ ਇਸ ਪ੍ਰੋਜੈਕਟ ਤਹਿਤ 2 ਲੱਖ 80 ਹਜ਼ਾਰ ਘਰਾਂ ਨੂੰ ਟੂਟੀ ਕਨੈਕਸ਼ਨ ਦਿੱਤੇ ਜਾਣਗੇ। ਵੀਡੀਓ ਕਾਨਫਰੰਸਿੰਗ ਜ਼ਰੀਏ ਇਸ ਪ੍ਰੋਜੈਕਟ ਦੀ ਨੀਂਹ ਰੱਖਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਉੱਤਰ-ਪੂਰਬ ਲਈ ਤਿੰਨ 'ਪੀ' ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ, 'ਉੱਤਰ-ਪੂਰਬ ਵਿੱਚ ਸ਼ਾਂਤੀ ਦੀ ਸਥਾਪਨਾ ਹੋ ਰਹੀ ਹੈ। ਪੀਸ ਪ੍ਰੋਗ੍ਰੈੱਸ ਤੇ ਪ੍ਰੌਸਪੈਰਿਟੀ' (ਸ਼ਾਂਤੀ, ਪ੍ਰਗਤੀ ਤੇ ਖੁਸ਼ਹਾਲੀ) ਦਾ ਮੰਤਰ ਗੂੰਜ ਰਿਹਾ ਹੈ।"



# ਦੇਸ਼ ਦੇ ਨਾਲ ਕਸ਼ਮੀਰ ਦੀ ਕਦਮਤਾਲ

**ਦਹਾਕਿਆਂ ਦੇ ਫ਼ਾਸਲੇ ਨੂੰ ਘੱਟ ਕਰਦੇ ਹੋਏ ਨਰੇਂਦਰ ਮੋਦੀ ਸਰਕਾਰ ਨੇ ਵਿਕਾਸ ਦੀ ਦੌੜ ਵਿੱਚ ਪਿੱਛੇ ਛੁਟ ਰਹੇ ਜੰਮੂ-ਕਸ਼ਮੀਰ ਅਤੇ ਲੱਦਾਖ ਤੋਂ ਧਾਰਾ 370 ਨੂੰ ਰੱਦ ਕਰ ਕੇ 70 ਸਾਲਾਂ ਦੀ ਟੀਸ ਖ਼ਤਮ ਕੀਤੀ। ਹੁਣ ਉਸ ਨੂੰ ਮੁੱਖਧਾਰਾ ਨਾਲ ਜੋੜ ਕੇ ਦੇਸ਼ ਦੇ ਹੋਰ ਰਾਜਾਂ ਦੇ ਬਰਾਬਰ ਲਿਆ ਕੇ ਖੜ੍ਹਾ ਕੀਤਾ, ਤਾਂ ਸਿਰਫ਼ ਇੱਕ ਸਾਲ ਵਿੱਚ ਹੀ ਇਹ ਖੇਤਰ ਵਿਕਾਸ ਦੇ ਨਵੇਂ ਸਫ਼ਰ ਉੱਤੇ ਨਿਕਲ ਪਿਆ, ਜਿੱਥੇ ਕੇਂਦਰ ਦੇ 170 ਤੋਂ ਜ਼ਿਆਦਾ ਕਾਨੂੰਨ ਵੀ ਲਾਗੂ ਹੋਣ ਲਗੇ**

ਅੱਜ ਇਤਿਹਾਸਿਕ ਭੁੱਲ ਸੁਧਾਰਨ ਦਾ ਦਿਨ ਹੈ, ਪਿਛਲੇ ਸਾਲ ਅਗਸਤ 'ਚ ਸੰਸਦ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ 70 ਸਾਲ ਦੀ ਟੀਸ ਨੂੰ ਖ਼ਤਮ ਕਰਕੇ ਜੰਮੂ-ਕਸ਼ਮੀਰ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਧਾਰਾ 370 ਨੂੰ ਰੱਦ ਕਰਨ ਦਾ ਬਿਲ ਪਾਸ ਕਰਵਾਉਂਦੇ ਹੋਏ ਇਹ ਗੱਲ ਆਖੀ ਸੀ, ਤਾਂ ਸੁਆਲ ਉਠਾਏ ਗਏ ਸਨ। ਪਰ ਸਹੀ ਅਰਥਾਂ 'ਚ ਇੱਕ ਸਾਲ ਬਾਅਦ ਜੰਮੂ-ਕਸ਼ਮੀਰ ਤੇ ਲੱਦਾਖ ਖੇਤਰ ਵਿਕਾਸ ਦੀ ਨਵੀਂ ਰਾਹ ਉੱਤੇ ਪੁਲਾਂਘਾਂ ਪੁੱਟਣ ਲੱਗਾ ਹੈ। ਇਸ ਵਿਕਾਸ ਦੇ ਰਾਖੇ ਹਨ ਲੱਦਾਖ ਦੀ ਮਹਿਲਾ ਕਿਸਾਨ ਹਾਜੀਆ ਫ਼ਾਤਿਮਾ ਬਾਨੋ, ਜਿਨ੍ਹਾਂ ਨੂੰ ਅਨੋਖੀ ਖੇਤੀ ਲਈ ਸਰਬਸ੍ਰੇਸ਼ਠ ਕਿਸਾਨ ਸਮੇਤ ਕਈ ਪੁਰਸਕਾਰਾਂ ਨਾਲ ਨਿਵਾਜ਼ਿਆ ਜਾ ਚੁੱਕਾ ਹੈ। ਉਨ੍ਹਾਂ ਨੇ ਵੱਡੇ ਪੱਧਰ ਉੱਤੇ ਸਬਜ਼ੀਆਂ ਉਗਾਉਣੀਆਂ ਸ਼ੁਰੂ ਕੀਤੀਆਂ ਤੇ ਆਪਣੇ ਇਲਾਕੇ ਵਿੱਚ ਪ੍ਰੇਰਣਾ ਸਰੋਤ ਬਣ ਗਏ ਹਨ।



> ਧਾਰਾ 370 ਅਤੇ 35-ਏ ਨੇ ਜੰਮੂ-ਕਸ਼ਮੀਰ ਨੂੰ ਅਲਗਾਵਵਾਦ-ਆਤੰਕਵਾਦ-ਪਰਿਵਾਰਵਾਦ ਅਤੇ ਵਿਵਸਥਾਵਾਂ ਵਿੱਚ ਵੱਡੇ ਪੱਧਰ 'ਤੇ ਫੈਲੇ ਭ੍ਰਿਸ਼ਟਾਚਾਰ ਤੋਂ ਇਲਾਵਾ ਕੁਝ ਨਹੀਂ ਦਿੱਤਾ। ਜੰਮੂ-ਕਸ਼ਮੀਰ ਤੇ ਲੱਦਾਖ ਦਾ ਵਿਕਾਸ ਉਸ ਗਤੀ ਨਾਲ ਨਹੀਂ ਹੋ ਸਕਿਆ, ਜਿਸ ਦੇ ਉਹ ਹੱਕਦਾਰ ਸਨ। ਹੁਣ ਵਿਵਸਥਾ ਦੀ ਇਹ ਘਾਟ ਦੂਰ ਹੋਣ ਨਾਲ ਜੰਮੂ-ਕਸ਼ਮੀਰ ਅਤੇ ਲੱਦਾਖ ਦੇ ਲੋਕਾਂ ਦਾ ਵਰਤਮਾਨ ਤਾਂ ਸੁਧਰੇਗਾ ਹੀ, ਉਨ੍ਹਾਂ ਦਾ ਭਵਿੱਖ ਵੀ ਸੁਰੱਖਿਅਤ ਹੋਵੇਗਾ।
>
> -ਨਰੇਂਦਰ ਮੋਦੀ,
> ਪ੍ਰਧਾਨ ਮੰਤਰੀ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸ਼ਬਦਾਂ ਵਿੱਚ, 'ਮੈਂ ਜੰਮੂ-ਕਸ਼ਮੀਰ ਦੀਆਂ ਭੈਣਾਂ ਤੇ ਭਾਈਆਂ ਦੇ ਸਾਹਸ ਅਤੇ ਜਜ਼ਬੇ ਨੂੰ ਸਲਾਮ ਕਰਦਾ ਹਾਂ। ਵਰ੍ਹਿਆਂ ਤੱਕ ਕੁਝ ਸੁਆਰਥੀ ਤੱਤਾਂ ਨੇ 'ਇਮੋਸ਼ਨਲ ਬਲੈਕਮੇਲਿੰਗ' ਦਾ ਕੰਮ ਕੀਤਾ, ਲੋਕਾਂ ਨੂੰ ਗੁੰਮਰਾਹ ਕੀਤਾ ਤੇ ਵਿਕਾਸ ਨੂੰ ਦੀ ਅਣਦੇਖੀ ਕੀਤੀ। ਜੰਮੂ-ਕਸ਼ਮੀਰ ਤੇ ਲੱਦਾਖ ਹੁਣ ਅਜਿਹੇ ਲੋਕਾਂ ਦੇ ਸ਼ਿਕੰਜੇ ਤੋਂ ਆਜ਼ਾਦ ਹਨ। ਇੱਕ ਨਵੀਂ ਸਵੇਰ, ਇੱਕ ਬਿਹਤਰ ਕੱਲ੍ਹ ਲਈ ਤਿਆਰ ਹਨ।'

5 ਅਗਸਤ, 2019 ਨੂੰ ਜੰਮੂ-ਕਸ਼ਮੀਰ ਨੂੰ ਸੰਵਿਧਾਨ ਵਿੱਚ ਧਾਰਾ 370 ਅਤੇ 35 ਏ ਦੁਆਰਾ ਦਿੱਤੇ ਗਏ ਵਿਸ਼ੇਸ਼ ਦਰਜੇ ਨੂੰ ਸੰਸਦ ਨੇ ਹਟਾਉਣ ਲਈ ਪ੍ਰਵਾਨਗੀ ਦਿੱਤੀ। ਤਦ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਸ ਨੂੰ 'ਇਤਿਹਾਸਿਕ ਭੁੱਲ' ਠੀਕ ਕਰਨ ਵਾਲਾ ਇੱਕ ਇਤਿਹਾਸਿਕ ਕਦਮ ਐਵੇਂ ਹੀ ਨਹੀਂ ਆਖਿਆ ਸੀ। ਉਨ੍ਹਾਂ ਦਾ ਕਹਿਣਾ ਸੀ, 'ਜਦੋਂ ਇਤਿਹਾਸਿਕ ਤੌਰ 'ਤੇ ਕੇਂਦਰੀ ਧਨ ਦਾ ਅਧਿਕਤਮ ਹਿੱਸਾ ਜੰਮੂ-ਕਸ਼ਮੀਰ ਨੂੰ ਦਿੱਤਾ ਗਿਆ, ਉਸ ਤੋਂ ਬਾਅਦ ਵੀ ਇਹ ਬੁਨਿਆਦੀ ਢਾਂਚੇ, ਸਿੱਖਿਆ, ਸਿਹਤ ਸੁਵਿਧਾਵਾਂ, ਰੋਜ਼ਗਾਰ ਦੇ ਅਵਸਰ ਆਦਿ ਜਿਹੇ ਵਿਕਾਸ ਦੇ ਕਾਰਜਾਂ ਵਿੱਚ ਕਿਉਂ ਟੀਚਾਗਤ ਨਹੀਂ ਹੋਇਆ ਹੈ? ਰਾਜ ਦੇਸ਼ ਦੇ ਹੋਰ ਰਾਜਾਂ ਵਾਂਗ ਵਿਕਸਿਤ ਕਿਉਂ ਨਹੀਂ ਹੋ ਸਕਿਆ ਹੈ? ਰਾਜਨੀਤਕ ਫ਼ਾਇਦੇ ਲਈ ਨੌਜਵਾਨ ਵਰਗ ਦਾ ਉਪਯੋਗ ਕੀਤਾ ਜਾ ਰਿਹਾ ਹੈ ਤੇ ਰਾਜ ਦੇ ਨੌਜਵਾਨਾਂ ਨੂੰ ਅੱਖੋਂ ਪ੍ਰੋਖੇ ਕਰਦੇ ਹੋਏ ਮੁੱਠੀ ਭਰ ਅਭਿਜਾ ਵਰਗ ਨੇ ਇਨ੍ਹਾਂ ਫ਼ੰਡਾਂ ਤੋਂ ਵਿਅਕਤੀਗਤ ਲਾਭ ਪ੍ਰਾਪਤ ਕੀਤਾ। ਲਿੰਗ, ਵਰਗ, ਜਾਤ ਤੇ ਮੂਲ ਸਥਾਨ ਦੇ ਅਧਾਰ 'ਤੇ ਧਾਰਾ 370 ਦੀ ਵਿਵਸਥਾ ਭੇਦਭਾਵ ਨਾਲ ਭਰਪੂਰ ਹੈ। ਧਾਰਾ 370 ਨਾਲ ਜੰਮੂ, ਕਸ਼ਮੀਰ, ਲੱਦਾਖ ਤੇ ਖ਼ਾਸ ਤੌਰ 'ਤੇ ਵਾਦੀ ਨੂੰ ਕੀ-ਕੀ ਨੁਕਸਾਨ ਹੋਏ ਹਨ, ਇਸ ਗੱਲ ਦੀ ਕਿਸੇ ਨੇ ਪਰਵਾਹ ਨਹੀਂ ਕੀਤੀ। ਇਸੇ ਲਈ ਘਰ-ਘਰ ਗ਼ਰੀਬੀ ਦਿਖਾਈ ਦੇ ਰਹੀ ਹੈ। ਕੇਂਦਰ ਸਰਕਾਰ ਦੁਆਰਾ ਉਪਲਬਧ ਕਰਵਾਇਆ ਗਿਆ ਕਰੋੜਾਂ ਰੁਪਿਆ ਭ੍ਰਿਸ਼ਟਾਚਾਰ ਦੀ ਭੇਟ ਚੜ੍ਹ ਗਿਆ। ਇਸੇ ਕਾਰਨ ਜੰਮੂ-ਕਸ਼ਮੀਰ ਵਿੱਚ ਸਿੱਖਿਆ ਵਿਵਸਥਾ ਮਜ਼ਬੂਤ ਨਹੀਂ ਹੋ ਸਕੀ, ਇਹ ਧਾਰਾ ਮਹਿਲਾ ਵਿਰੋਧੀ, ਗ਼ਰੀਬ ਵਿਰੋਧੀ, ਆਦਿਵਾਸੀ ਵਿਰੋਧੀ ਹੈ। ਇਸ ਕਾਰਨ ਜੰਮੂ-ਕਸ਼ਮੀਰ 'ਚ ਲੋਕਤੰਤਰ ਪ੍ਰਫ਼ੁੱਲਿਤ ਨਹੀਂ ਹੋਇਆ, ਭ੍ਰਿਸ਼ਟਾਚਾਰ ਵਧਿਆ ਤੇ ਸਿਖ਼ਰ 'ਤੇ ਪਹੁੰਚ ਗਿਆ।'

ਸੰਸਦ 'ਚ ਭਾਰੀ ਹੰਗਾਮੇ ਦੌਰਾਨ ਜਦੋਂ ਇਹ ਬਿਲ ਪਾਸ ਕੀਤਾ ਗਿਆ, ਤਾਂ ਰਾਜ ਸਭਾ ਵਿੱਚ ਇਸ ਦੇ ਸਮਰਥਨ ਵਿੱਚ 125 ਅਤੇ ਵਿਰੋਧ 'ਚ 61 ਵੋਟਾਂ ਪਈਆਂ ਸਨ। ਉੱਧਰ ਲੋਕ ਸਭਾ ਵਿੱਚ 70 ਦੇ ਮੁਕਾਬਲੇ 370 ਮੈਂਬਰਾਂ ਦਾ ਸਰਕਾਰ ਨੂੰ ਸਮਰਥਨ ਮਿਲਿਆ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੰਸਦ 'ਚ ਕਿਹਾ ਕਿ 70 ਸਾਲਾਂ ਤੋਂ ਭਾਰਤ ਦੇ ਲੋਕਾਂ ਦੇ ਦਿਲ ਵਿੱਚ ਇਹ ਇੱਛਾ ਹੈ ਕਿ ਕਸ਼ਮੀਰ ਭਾਰਤ ਦਾ ਅਭਿੰਨ ਅੰਗ ਹੋਣਾ ਚਾਹੀਦਾ ਹੈ। ਇਸ ਸੁਪਨੇ ਨੂੰ ਸਾਕਾਰ ਕਰਨ ਲਈ 370 ਨੂੰ ਹਟਾਉਣਾ ਹੀ ਇੱਕੋ-ਇੱਕ ਰਾਹ ਸੀ।



## ਸਿੱਧੀ ਪਹੁੰਚਣ ਲਗੀ ਲਾਭਾਰਥੀਆਂ ਤੱਕ ਯੋਜਨਾ

ਧਾਰਾ 370 ਤੋਂ ਬਾਅਦ 70 ਸਾਲ ਵਿੱਚ 41 ਹਜ਼ਾਰ 500 ਤੋਂ ਜ਼ਿਆਦਾ ਸਿੱਖ, ਬੋਧੀ ਤੇ ਹੋਰ ਧਰਮਾਂ ਦੇ ਲੋਕਾਂ ਨੂੰ ਕਸ਼ਮੀਰ 'ਚ ਜਾਨ ਗੁਆਉਣੀ ਪਈ ਹੈ। ਗ੍ਰਹਿ ਮੰਤਰੀ ਨੇ ਸੁਆਲ ਉਠਾਉਂਦਿਆਂ ਕਿਹਾ-ਕੀ ਜੰਮੂ-ਕਸ਼ਮੀਰ ਜਾਂ ਲੱਦਾਖ ਦੇ ਨੌਜਵਾਨਾਂ ਨੂੰ ਵਿਕਾਸ ਨਹੀਂ ਚਾਹੀਦਾ? ਕਦੋਂ ਤੱਕ ਉਨ੍ਹਾਂ ਨੂੰ ਵੋਟ ਬੈਂਕ ਦੀ ਪੌਲੀਟਿਕਸ ਦੇ ਲਈ ਇਸ ਦੇ ਨਾਮ ਉੱਤੇ ਵੰਡਿਆ ਜਾਂਦਾ ਰਹੇਗਾ?

ਨਰੇਂਦਰ ਮੋਦੀ ਸਰਕਾਰ ਦੀ ਇਸੇ ਦੀਰਘਕਾਲੀ ਸੋਚ ਦਾ ਹੀ ਨਤੀਜਾ ਹੈ ਕਿ ਅੱਜ ਕਸ਼ਮੀਰ ਵੀ ਦੇਸ਼ ਦੇ ਨਾਲ ਵਿਕਾਸ ਦੇ ਰਾਹ ਵਿੱਚ ਕਦਮਤਾਲ ਕਰ ਰਿਹਾ ਹੈ। ਬਾਲ ਵਿਆਹ ਐਕਟ, ਸਿੱਖਿਆ ਦਾ ਅਧਿਕਾਰ ਅਤੇ ਭੂਮੀ ਸੁਧਾਰ ਜਿਹੇ ਕਾਨੂੰਨ ਹੁਣ ਇੱਥੇ ਵੀ ਪ੍ਰਭਾਵੀ ਹਨ। ਵਾਲਮੀਕਿ, ਦਲਿਤ ਤੇ ਗੋਰਖਾ ਜੋ ਰਾਜਾਂ ਵਿੱਚ ਦਹਾਕਿਆਂ ਤੋਂ ਰਹਿ ਰਹੇ ਹਨ, ਉਨ੍ਹਾਂ ਨੂੰ ਵੀ ਰਾਜ ਦੇ ਹੋਰ ਨਿਵਾਸੀਆਂ ਵਾਂਗ ਸਮਾਨ ਅਧਿਕਾਰ ਮਿਲ ਰਿਹਾ ਹੈ। ਸਾਲ 2020-21 ਲਈ 15ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਿਸ਼ਾਂ ਦੇ ਅਨੁਸਾਰ ਜੰਮੂ ਅਤੇ ਕਸ਼ਮੀਰ ਦੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਕ੍ਰਮਵਾਰ 30,757 ਕਰੋੜ ਰੁਪਏ ਤੇ 5,959 ਕਰੋੜ ਰੁਪਏ ਦੀ ਗ੍ਰਾਂਟ ਦਿੱਤੀ ਗਈ ਹੈ। ਫ਼ਲੈਗਸ਼ਿਪ ਸਕੀਮ 'ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ' ਤਹਿਤ ਜੰਮੂ-ਕਸ਼ਮੀਰ ਵਿੱਚ 5300 ਕਿਲੋਮੀਟਰ ਸੜਕਾਂ ਬਣਾਈਆਂ ਜਾਣਗੀਆਂ। ਗਲੋਬਲ ਇਨਵੈਸਟਮੈਂਟ ਸਮਿੱਟ ਜ਼ਰੀਏ 13600 ਕਰੋੜ ਰੁਪਏ ਦੇ ਸਹਿਮਤੀ ਪੱਤਰ (ਐੱਮਓਯੂ) ਉੱਤੇ ਦਸਤਖ਼ਤ ਹੋਏ ਹਨ। ਸੱਤ ਨਵੰਬਰ, 2015 ਨੂੰ ਪ੍ਰਧਾਨ ਮੰਤਰੀ ਨੇ ਸਮਾਜਿਕ ਆਰਥਿਕ ਬਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਤੇ ਜੰਮੂ-ਕਸ਼ਮੀਰ ਦੇ ਵਿਕਾਸ ਲਈ 80,068 ਕਰੋੜ ਰੁਪਏ ਦੇ ਪੁਨਰ ਨਿਰਮਾਣ ਯੋਜਨਾ ਦਾ ਐਲਾਨ ਕੀਤਾ ਸੀ। ਪੁਨਰਗਠਨ ਤੋਂ ਬਾਅਦ ਜੰਮੂ ਤੇ ਕਸ਼ਮੀਰ ਨੂੰ 58 ਯੋਜਨਾਵਾਂ ਲਈ 58627 ਕਰੋੜ ਰੁਪਏ ਅਤੇ ਲੱਦਾਖ ਨੂੰ 9 ਪ੍ਰੋਜੈਕਟਾਂ ਲਈ 21441 ਕਰੋੜ ਰੁਪਏ ਦਿੱਤੇ ਗਏ ਹਨ। ਇਸ ਦੇ ਇਲਾਵਾ ਇੱਥੇ ਕੀਤੇ ਜਾਣ ਵਾਲੇ **ਵਿਕਾਸ ਕਾਰਜਾਂ ਉੱਤੇ ਇੱਕ ਨਜ਼ਰ-**

- ਸੇਬ ਲਈ ਮਾਰਕਿਟ ਇੰਟਰਵੈਂਸ਼ਨ ਸਕੀਮ ਲਾਗੂ ਕੀਤੀ ਗਈ ਹੈ। ਡੀਬੀਟੀ ਦੁਆਰਾ ਭੁਗਤਾਨ ਤੇ ਕੇਂਦਰੀ ਖ਼ਰੀਦ ਏਜੰਸੀ ਦੁਆਰਾ ਟ੍ਰਾਂਸਪੋਰਟ ਨਾਲ ਇਸ ਦੀ ਕੀਮਤ ਸਥਿਰ ਹੋਈ ਹੈ।
- ਸੌਭਾਗਯ ਯੋਜਨਾ ਵਿੱਚ 100% ਉਪਲਬਧੀ। 357405 ਵਿਅਕਤੀਆਂ ਨੂੰ ਲਾਭ ਮਿਲਿਆ ਹੈ।
- ਉਂਜਵਲਾ 'ਚ 1260685 ਅਤੇ ਉਜਾਲਾ ਯੋਜਨਾ 'ਚ 1590873 ਵਿਅਕਤੀਆਂ ਨੂੰ ਲਾਭ।
- ਏਕੀਕ੍ਰਿਤ ਸਮਾਜਿਕ ਸੁਰੱਖਿਆ (ਰਾਜ ਯੋਜਨਾ) ਤਹਿਤ 592333 ਲਾਭਾਰਥੀ।
- ਮਿਸ਼ਨ ਇੰਦਰਧਨੁਸ਼ ਤਹਿਤ ਜੰਮੂ ਵਿੱਚ 1353 ਬੱਚੇ ਅਤੇ 381 ਗਰਭਵਤੀ ਮਹਿਲਾਵਾਂ ਦਾ ਟੀਕਾਕਰਣ ਕੀਤਾ।
- ਸਵੱਛਤਾ ਮਿਸ਼ਨ ਤਹਿਤ ਜੰਮੂ-ਕਸ਼ਮੀਰ ਮਾਰਚ 100% ਓਡੀਐੱਫ (ODF) ਐਲਾਨਿਆ ਗਿਆ।
- ਆਯੁਸ਼ਮਾਨ ਭਾਰਤ ਵਿੱਚ 11.41 ਲੱਖ ਕਾਰਡ ਬਣਾਏ ਗਏ। 348370 ਪਰਿਵਾਰਾਂ ਨੂੰ ਹੋਇਆ ਫ਼ਾਇਦਾ।
- ਪ੍ਰਧਾਨ ਮੰਤਰੀ ਆਵਾਸ ਯੋਜਨਾ (ਗ੍ਰਾਮੀਣ) 'ਚ 77252 ਘਰ ਪ੍ਰਵਾਨ (ਜੂਨ 2020)

### ਰੋਜ਼ਗਾਰ ਅਤੇ ਕੌਸ਼ਲ

- ਹੁਣ ਤੱਕ ਦੀ ਸਭ ਤੋਂ ਵੱਡੀ ਭਰਤੀ ਮੁਹਿੰਮ ਵਿੱਚ 10000 ਅਸਾਮੀਆਂ ਕੱਢੀਆਂ ਗਈਆਂ। 25000 ਨੌਕਰੀਆਂ ਪਾਈਪਲਾਈਨ 'ਚ ਹਨ।
- ਹਿਮਾਯਤ ਯੋਜਨਾ ਲਾਗੂ ਕਰਨ ਦਾ ਜ਼ਿਕਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 'ਮਨ ਕੀ ਬਾਤ' ਪ੍ਰੋਗਰਾਮ ਵਿੱਚ ਵੀ ਕੀਤਾ' ਇਸ ਵਿੱਚ 74324 ਉਮੀਦਵਾਰਾਂ ਦੀ ਟ੍ਰੇਨਿੰਗ ਨੂੰ ਮਨਜ਼ੂਰੀ।
- ਕਈ ਸਾਲਾਂ ਪਿੱਛੋਂ ਪੰਚਾਇਤ ਚੋਣਾਂ ਹੋਈਆਂ ਤੇ ਇਨ੍ਹਾਂ ਵਿੱਚ 74.1% ਵੋਟਿੰਗ ਹੋਈ। ਪਹਿਲੀ ਵਾਰ ਆਯੋਜਿਤ ਬਲੌਕ ਡਿਵੈਲਪਮੈਂਟ ਕੌਂਸਲ ਚੋਣ ਵਿੱਚ 98.3% ਵੋਟਿੰਗ ਦਰਜ ਕੀਤੀ ਗਈ।
- 'ਬੈਂਕ ਟੂ ਵਿਲੇਜ' ਯੋਜਨਾ ਲਾਗੂ ਕੀਤੀ ਗਈ। ਗਜ਼ਟਿਡ ਅਧਿਕਾਰੀ ਨੇ ਅਲਾਟ ਹੋਏ ਪੰਚਾਇਤ ਬਲੌਕ ਵਿੱਚ 2 ਦਿਨ ਤੇ ਇੱਕ ਰਾਤ ਰੁਕਣਾ ਹੈ।
- ਨਗਰ ਸੰਸਥਾਵਾਂ ਦੀਆਂ ਵਿੱਤੀ ਸ਼ਕਤੀਆਂ 20 ਕਰੋੜ ਰੁਪਏ ਤੱਕ ਵਧਾਈਆਂ ਗਈਆਂ ਹਨ।

### ਬੇਮਿਸਾਲ ਵਿਕਾਸ

- ਪ੍ਰਧਾਨ ਮੰਤਰੀ ਦੁਆਰਾ ਐਲਾਨੇ ਵਿਕਾਸ ਪ੍ਰੋਗਰਾਮ ਨੇ ਗਤੀ ਪਕੜੀ: ਜੂਨ 2018 'ਚ ਖ਼ਰਚ 26% ਤੋਂ ਵਧ ਕੇ ਜੂਨ 2020 ਵਿੱਚ 54% ਹੋ ਗਿਆ
- 5 ਸਾਲ ਤੋਂ ਮੁਲਤਵੀ ਪਿਆ ਸ੍ਰੀਨਗਰ ਦਾ ਰਾਮਬਾਗ਼ ਫ਼ਲਾਈਓਵਰ ਖੋਲ੍ਹਿਆ ਗਿਆ।
- ਆਈਆਈਟੀ ਜੰਮੂ ਨੂੰ ਆਪਣਾ ਕੈਂਪਸ ਮਿਲਿਆ। ਏਮਸ ਜੰਮੂ ਦਾ ਕੰਮ ਵੀ ਸ਼ੁਰੂ।
- ਜੰਮੂ ਦੀ ਸੈਮੀ ਰਿੰਗ ਰੋਡ ਅਤੇ 8.45 ਕਿਲੋਮੀਟਰ ਲੰਬੀ ਨਵੀਂ ਬਨਿਹਾਲ ਸੁਰੰਗ ਅਗਲੇ ਸਾਲ ਖੋਲ੍ਹੀ ਜਾਵੇਗੀ।
- ਪੀਐੱਮਡੀਪੀ ਤਹਿਤ ਚਨਾਬ ਦਰਿਆ ਉੱਤੇ ਵਿਸ਼ਵ ਦਾ ਸਭ ਤੋਂ ਉੱਚਾ 467 ਮੀਟਰ ਦਾ ਪੁਲ਼ ਅਗਲੇ ਸਾਲ ਤੱਕ ਪੂਰਾ ਹੋ ਰਿਹਾ ਹੈ।
- ਜੰਮੂ ਤੇ ਕਸ਼ਮੀਰ ਇਨਫ਼੍ਰਾਸਟਰਕਚਰ ਡਿਵੈਲਪਮੈਂਟ ਫ਼ਾਈਨਾਂਸ ਕਾਰਪੋਰੇਸ਼ਨ ਦੀ ਸਥਾਪਨਾ। ਦਹਾਕਾ ਪੁਰਾਣੇ 2273 ਪ੍ਰੋਜੈਕਟ (5979 ਕਰੋੜ ਰੁਪਏ) ਪ੍ਰਵਾਨ, 506 ਪ੍ਰੋਜੈਕਟ ਪੂਰੇ, ਮਾਰਚ 2021 ਤੱਕ 963 ਪ੍ਰੋਜੈਕਟ (2256 ਕਰੋੜ ਰੁਪਏ) ਪੂਰੇ ਹੋਣੇ ਹਨ।
- ਪਣ-ਬਿਜਲੀ ਪ੍ਰੋਜੈਕਟਾਂ ਦੀ ਸੰਖਿਆ ਵਿੱਚ ਤੇਜ਼ੀ। 1000 ਮੈਗਾਵਾਟ ਦੇ ਪਾਕਾਲਦੁਲ ਤੇ 624 ਮੈਗਾਵਾਟ ਦੇ ਕਿਰੂ ਪ੍ਰੋਜੈਕਟ ਦੇ ਕੰਟਰੈਕਟ ਦਿੱਤੇ ਗਏ ਹਨ।
- 213 ਪਾਵਰ ਟ੍ਰਾਂਸਮਿਸ਼ਨ ਤੇ ਡਿਸਟ੍ਰੀਬਿਊਸ਼ਨ ਯੋਜਨਾਵਾਂ ਦਾ ਲਾਗੂਕਰਨ।
- ਜਿਹਲਮ ਹੜ੍ਹ-ਰੋਕੂ ਪ੍ਰੋਜੈਕਟ ਨਾਲ ਜਿਹਲਮ ਦੀ ਸਮਰੱਥਾ ਵਿੱਚ 10000 ਕਿਊਸਿਕ ਦਾ ਵਾਧਾ।
- ਜੰਮੂ ਤੇ ਸ੍ਰੀਨਗਰ ਲਈ ਮੈਟਰੋ ਡੀਪੀਆਰ 10599 ਕਰੋੜ ਰੁਪਏ 'ਚ ਤਿਆਰ।

### ਸੋਸ਼ਲ ਸੈਕਟਰ

- ਜੰਮੂ-ਕਸ਼ਮੀਰ ਵਿੱਚ ਪਹਿਲੀ ਵਾਰ 8 ਲੱਖ ਹੈਲਥ ਕਾਰਡ ਜਾਰੀ ਕੀਤੇ ਗਏ।
- 50 ਨਵੇਂ ਡਿਗਰੀ ਕਾਲਜ ਸ਼ੁਰੂ ਹੋਏ, 25000 ਨਵੀਆਂ ਕਾਲਜ ਸੀਟਾਂ ਜੋੜੀਆਂ ਗਈਆਂ। 7 ਨਵੇਂ ਮੈਡੀਕਲ ਕਾਲਜ ਸੰਚਾਲਿਤ/ਪ੍ਰਵਾਨ ਕੀਤੇ ਗਏ। 5 ਨਵੇਂ ਨਰਸਿੰਗ ਕਾਲਜਾਂ ਨੂੰ ਪ੍ਰਵਾਨਗੀ ਦਿੱਤੀ ਗਈ
- ਕਸ਼ਮੀਰੀ ਕੇਸਰ ਨੂੰ ਜੀਆਈ ਟੈਗ ਮਿਲਿਆ।
- ਗੁਲਮਰਗ ਵਿੱਚ ਪਹਿਲੀ ਵਾਰ ਭਾਰਤ ਦੀਆਂ ਸ਼ੀਤਕਾਲੀਨ ਖੇਡਾਂ ਦਾ ਆਯੋਜਨ ਕੀਤਾ ਗਿਆ।



# ਬਦਲਦੇ ਭਾਰਤ ਦੀ ਕਹਾਣੀ

**ਮੌਕਾ ਅਤੇ ਮਾਹੌਲ ਮਿਲੇ ਤਾਂ 130 ਕਰੋੜ ਭਾਰਤੀ ਆਪਣੀ ਸਮਰੱਥਾ ਕਿਵੇਂ ਦਿਖਾਉਂਦੇ ਹਨ, ਇਸ ਦੀ ਮਿਸਾਲ ਹੁਣ ਪਿੰਡ ਤੱਕ ਦਿਖਣ ਲਗੀ**

## ਆਤਮਨਿਰਭਰਤਾ ਦੀ ਯਾਰੀ

ਭਾਰਤ ਨੂੰ ਆਤਮਨਿਰਭਰ ਬਣਾਉਣ ਦੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਮੁਹਿੰਮ ਨੂੰ ਪੰਜ ਦੋਸਤਾਂ ਦੀ ਯਾਰੀ ਨੇ ਅਨੋਖਾ ਰੂਪ ਦਿੱਤਾ ਹੈ ਕਿ ਉਹ ਪੰਜੇ ਨਾ ਸਿਰਫ਼ ਆਤਮਨਿਰਭਰ ਬਣੇ, ਬਲਕਿ ਉਨ੍ਹਾਂ ਨੇ ਲੋਕਾਂ ਨੂੰ ਰੋਜ਼ਗਾਰ ਵੀ ਮੁਹੱਈਆ ਕਰਵਾਉਣਾ ਸ਼ੁਰੂ ਕਰ ਦਿੱਤਾ। ਝਾਰਖੰਡ ਦੇ ਬੋਕਾਰੋ ਦੇ ਪੰਜ ਨੌਜਵਾਨਾਂ ਨੇ ਸਮੂਹ ਬਣਾ ਕੇ ਬਾਇਓਫਲਾਕ ਪੱਧਤੀ ਨਾਲ ਮੱਛੀ ਪਾਲਣ ਦਾ ਕੰਮ ਸ਼ੁਰੂ ਕੀਤਾ। ਪੰਜ ਨੌਜਵਾਨਾਂ ਦੀ ਯਾਰੀ ਨੇ ਜੋ ਮਾਰਗ ਦਿਖਾਇਆ ਹੈ, ਉਹ ਇਲਾਕੇ ਲਈ ਪ੍ਰੇਰਣਾ ਸਰੋਤ ਬਣ ਚੁੱਕਿਆ ਹੈ। ਆਮਦਨੀ ਤਾਂ ਆਮਦਨੀ ਦੋਸਤਾਂ ਦੇ ਪਰਸਪਰ ਸਕਾਰਾਤਮਕ ਸਹਿਯੋਗ ਦੀ ਤਾਕਤ ਨੂੰ ਵੀ ਦਿਖਾ ਰਿਹਾ ਹੈ। ਇਸ ਲਈ 10 ਹਜ਼ਾਰ ਲੀਟਰ ਦੀ ਸਮਰੱਥਾ ਦਾ ਟੈਂਕ ਬਣਾਇਆ ਜਾਂਦਾ ਹੈ ਜਿਸ ਵਿੱਚ ਮਹਿਜ਼ 40000 ਰੁਪਏ ਦਾ ਖਰਚ ਆਉਂਦਾ ਹੈ। ਇਸ ਪੱਧਤੀ ਲਈ ਜ਼ਰੂਰੀ ਸਾਰਾ ਸਮਾਨ ਗੁਆਂਢੀ ਰਾਜ ਪੱਛਮ ਬੰਗਾਲ ਦੇ ਕੋਲਕਾਤਾ ਤੋਂ ਖਰੀਦਿਆ ਗਿਆ। ਇਸ ਟੀਮ ਦੇ ਮੈਂਬਰ ਸੋਮਨਾਥ ਗਿਰੀ ਦਾ ਕਹਿਣਾ ਹੈ ਕਿ ਇੱਕ ਵਾਰ ਹਾਰਵੈਸਟਿੰਗ ਵਿੱਚ ਹਰ ਟੈਂਕ ਤੋਂ 300-400 ਕਿਲੋਗ੍ਰਾਮ ਮੱਛੀ ਦਾ ਉਤਪਾਦਨ ਕੀਤਾ ਜਾ ਸਕਦਾ ਹੈ। ਜਿਸ ਵਿੱਚ ਤਿੰਨ ਤੋਂ ਚਾਰ ਮਹੀਨੇ ਦਾ ਵਕਤ ਲਗ ਜਾਂਦਾ ਹੈ। ਸਮੂਹ ਦੇ ਇੱਕ ਹੋਰ ਮੈਂਬਰ ਸੁਨੀਲ ਕੁਮਾਰ ਇਸ ਤਕਨੀਕ ਬਾਰੇ ਦੱਸਦੇ ਹਨ ਕਿ ਬਾਇਓਫਲਾਕ ਇੱਕ ਜੀਵਾਣੂ ਹੈ ਜਿਸ ਦੀ ਵਰਤੋਂ ਟੈਂਕ ਵਿੱਚ ਕੀਤੀ ਜਾਂਦੀ ਹੈ, ਤਾਂ ਜੋ ਮੱਛੀਆਂ ਨੂੰ ਤਲਾਬ ਜਿਹਾ ਵਾਤਾਵਰਣ ਮਿਲ ਸਕੇ।




## ਉੱਜਵਲਾ ਨਾਲ ਬਲ਼ ਰਿਹਾ ਚੁੱਲ੍ਹਾ

ਅਰੁਣਾਚਲ ਪ੍ਰਦੇਸ਼ ਦੇ ਪਾਸੀਘਾਟ ਦੀ ਰਹਿਣ ਵਾਲੀ ਅਨੀਤਾ ਮੁਖਰਜੀ ਲਈ ਲੌਕਡਾਊਨ ਅਤੇ ਫਿਰ ਮੀਂਹ ਕਾਰਨ ਲੱਕੜ ਦਾ ਯੋਗ ਪ੍ਰਬੰਧ ਨਾ ਹੋਣ ਕਾਰਨ ਰਸੋਈ ਦਾ ਚੁੱਲ੍ਹਾ ਬਾਲਣਾ ਵੀ ਸੰਭਵ ਨਹੀਂ ਹੋ ਰਿਹਾ ਸੀ। ਲੇਕਿਨ ਪ੍ਰਧਾਨ ਮੰਤਰੀ ਉੱਜਵਲਾ ਯੋਜਨਾ ਤਹਿਤ ਮੁਫ਼ਤ ਗੈਸ ਸਿਲੰਡਰ ਦੀ ਸੁਵਿਧਾ ਨੇ ਉਨ੍ਹਾਂ ਨੂੰ ਰਾਹਤ ਦਿੱਤੀ। ਅਨੀਤਾ ਦੱਸਦੇ ਹਨ; 'ਮੋਦੀ ਸਰਕਾਰ ਨੇ ਜੋ ਵੀ ਗੈਸ ਸਿਲੰਡਰ ਦਾ ਬੰਦੋਬਸਤ ਕੀਤਾ, ਉਸ ਲਈ ਧੰਨਵਾਦ। ਵਰਖਾ ਦੇ ਸਮੇਂ ਲੱਕੜੀਆਂ ਨਹੀਂ ਮਿਲ ਰਹੀਆਂ ਹਨ, ਅਜਿਹੇ ਸਮੇਂ ਇਸ ਗੈਸ ਸਿਲੰਡਰ ਨਾਲ ਹੀ ਸਾਡਾ ਜੀਵਨ ਚੰਗਾ ਚਲ ਰਿਹਾ ਹੈ।'

## 24 ਕਿਲੋਮੀਟਰ ਸਾਇਕਲ ਚਲਾ ਕੇ ਜਾਂਦੀ ਸੀ ਸਕੂਲ, 98.9% ਅੰਕ ਆਏ



ਸ਼ਾਬਾਸ਼ ਰੋਸ਼ਨੀ...

ਇਹ ਕਿਹਾ ਜਾਂਦਾ ਹੈ ਕਿ ਮਿਹਨਤ ਤੇ ਲਗਨ ਨਾਲ ਮੁਕਾਮ ਹਾਸਲ ਕੀਤਾ ਜਾ ਸਕਦਾ ਹੈ। ਭਿੰਡ ਜ਼ਿਲ੍ਹੇ ਦੇ ਪਿੰਡ ਅਜਨੌਲ ਦੀ ਰਹਿਣ ਵਾਲੀ ਰੋਸ਼ਨੀ ਭਦੌਰੀਆ ਨੇ ਅਜਿਹੀ ਹੀ ਮਿਸਾਲ ਪੇਸ਼ ਕੀਤੀ ਹੈ। ਰੋਸ਼ਨੀ ਨੇ ਮੱਧ ਪ੍ਰਦੇਸ਼ ਬੋਰਡ ਦੀ 10ਵੀਂ ਦੀ ਪਰੀਖਿਆ ਵਿੱਚ ਅੱਠਵਾਂ ਸਥਾਨ ਹਾਸਲ ਕੀਤਾ ਹੈ ਤੇ ਉਸ ਨੂੰ 400 ਵਿੱਚੋਂ 395 (98.9 ਫੀਸਦੀ) ਅੰਕ ਹਾਸਲ ਹੋਏ ਹਨ। ਰੋਸ਼ਨੀ ਦੀ ਇਹ ਉਪਲਬਧੀ ਖ਼ਾਸ ਤੌਰ 'ਤੇ ਪਿੰਡਾਂ ਦੀਆਂ ਬੇਟੀਆਂ ਨੂੰ ਪ੍ਰੇਰਣਾ ਦੇਣ ਵਾਲੀ ਹੈ ਕਿਉਂਕਿ ਉਹ ਹਰ ਰੋਜ਼ ਆਪਣੇ ਪਿੰਡ ਤੋਂ ਮੇਹਗਾਓਂ ਤੱਕ ਸਕੂਲ ਦਾ ਸਫ਼ਰ 25 ਕਿਲੋਮੀਟਰ ਸਾਇਕਲ ਰਾਹੀਂ ਤਹਿ ਕਰ ਕੇ ਜਾਂਦੀ ਸੀ। ਵੱਡੀ ਹੋ ਕੇ ਆਈਏਐੱਸ ਬਣਨ ਦਾ ਸੁਪਨਾ ਸੰਜੋ ਕੇ ਰੱਖਣ ਵਾਲੀ ਰੋਸ਼ਨੀ ਆਪਣੇ ਪਿਤਾ ਤੋਂ ਇਸ ਵਿੱਚ ਮਿਲੇ ਸਮਰਥਨ ਨੂੰ ਵੀ ਕ੍ਰੈਡਿਟ ਦਿੰਦੀ ਹੈ।

## ਜਲ ਬੱਚਤ ਤੋਂ ਧਨ ਬੱਚਤ ਦਾ ਸੰਦੇਸ਼ ਦਿੰਦਾ ਗੁਰੂਕੁਲ

ਆਪਦਾ ਨੂੰ ਅਵਸਰ ਵਿੱਚ ਕਿਵੇਂ ਬਦਲਿਆ ਜਾਂਦਾ ਹੈ, ਇਸ ਦੀ ਪ੍ਰੇਰਣਾ ਬਿਹਾਰ ਦੇ ਬੇਗੂਸਰਾਏ ਸਥਿਤ ਭਾਰਦਵਾਜ ਗੁਰੂਕੁਲ ਵਿੱਦਿਅਕ ਸੰਸਥਾਨ ਤੋਂ ਲਈ ਜਾ ਸਕਦੀ ਹੈ। ਜਦੋਂ ਕੋਰੋਨਾ ਕਾਰਨ ਲੌਕਡਾਊਨ ਹੋਇਆ ਤੇ ਇਸ ਗੁਰੂਕੁਲ ਦੇ ਵਿਦਿਆਰਥੀ ਹੋਸਟਲ ਤੋਂ ਘਰ ਚਲੇ ਗਏ, ਤਦ ਸੰਸਥਾਨ ਦੇ ਡਾਇਰੈਕਟਰ ਸ਼ਿਵ ਪ੍ਰਕਾਸ਼ ਭਾਰਦਵਾਜ ਨੇ 10000 ਵਰਗ ਫ਼ੁੱਟ ਵਿੱਚ ਸਕੂਲ ਦੀ ਛੱਤ ਉੱਤੇ ਹੀ ਪਾਣੀ ਦੇ ਡਰੰਮ ਵਿੱਚ ਮਿੱਟੀ ਭਰ ਕੇ ਕਰੇਲਾ, ਘੀਆ ਤੇ ਅਨੇਕ ਸਬਜ਼ੀਆਂ ਉਗਾਉਣੀਆਂ ਸ਼ੁਰੂ ਕਰ ਦਿੱਤੀਆਂ। ਇਹ ਗੁਰੂਕੁਲ ਹਰ ਸਾਲ ਡੇਢ ਕਰੋੜ ਲੀਟਰ ਪਾਣੀ ਬਚਾਉਂਦਾ ਹੈ ਤੇ ਇੱਕ ਬੂੰਦ ਪਾਣੀ ਬਾਹਰ ਨਾਲੀ ਵਿੱਚ ਨਹੀਂ ਜਾਣ ਦਿੰਦਾ। ਇਸ ਦੇ ਨਾਲ ਹੀ ਮੀਂਹ ਦਾ ਪਾਣੀ ਇੱਥੇ ਇਕੱਠਾ ਵੀ ਕੀਤਾ ਜਾਂਦਾ ਹੈ, ਜਿਸ ਦੀ ਵਰਤੋਂ ਕੱਪੜੇ ਧੋਣ ਤੋਂ ਲੈ ਕੇ ਬਾਗ਼ਬਾਨੀ ਲਈ ਕੀਤੀ ਜਾਂਦੀ ਹੈ।





# ਹੁਣ ਪਿੰਡ ਵਿੱਚ ਹੀ ਮਿਲ ਰਿਹਾ ਅਨਾਜ ਅਤੇ ਰੋਜ਼ਗਾਰ

**ਦੁਨੀਆ ਜਦੋਂ ਕੋਰੋਨਾ ਮਹਾਮਾਰੀ ਦੀ ਲਪੇਟ' ਚ ਆਈ, ਤਾਂ ਕੇਂਦਰ ਸਰਕਾਰ ਨੇ ਸਭ ਤੋਂ ਪਹਿਲਾਂ ਗ਼ਰੀਬਾਂ ਦੀ ਚਿੰਤਾ ਕੀਤੀ, 81 ਕਰੋੜ ਗ਼ਰੀਬਾਂ ਨੂੰ 8 ਮਹੀਨਿਆਂ ਵਿੱਚ 40 ਕਿਲੋ ਮੁਫ਼ਤ ਅਨਾਜ ਤੇ ਹਰੇਕ ਪਰਿਵਾਰ ਨੂੰ 8 ਕਿਲੋਗ੍ਰਾਮ ਦਾਲ਼ ਜਾਂ ਚਣੇ ਮੁਹੱਈਆ ਕਰਵਾਉਣ ਦੀ ਯੋਜਨਾ ਨੂੰ ਘਰ-ਘਰ ਪਹੁੰਚਾਇਆ। ਹੁਣ 50 ਹਜ਼ਾਰ ਕਰੋੜ ਰੁਪਏ ਦੇ ਗ਼ਰੀਬ ਕਲਿਆਣ ਰੋਜਗਾਰ ਅਭਿਯਾਨ ਜ਼ਰੀਏ 6 ਰਾਜਾਂ ਦੇ 116 ਜ਼ਿਲ੍ਹਿਆਂ ਵਿੱਚ ਪ੍ਰਵਾਸੀ ਮਜ਼ਦੂਰਾਂ ਨੂੰ ਉਨ੍ਹਾਂ ਦੇ ਘਰਾਂ ਪਾਸ ਹੀ ਰੋਜਗਾਰ ਉਪਲਬਧ ਕਰਵਾਉਣ ਦੀ ਯੋਜਨਾ ਨੂੰ ਜ਼ਮੀਨ ਉੱਤੇ ਉਤਾਰ ਦਿੱਤਾ। ਗ਼ਰੀਬਾਂ ਲਈ ਕੁੱਲ 1.5 ਲੱਖ ਕਰੋੜ ਰੁਪਏ ਦੀ ਦੁਨੀਆ ਦੀ ਸਭ ਤੋਂ ਵੱਡੀ ਮਹੱਤਵਪੂਰਨ ਯੋਜਨਾ ਰਾਹੀਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਹ ਜਤਾ ਦਿੱਤਾ ਹੈ ਕਿ 'ਗ਼ਰੀਬੀ ਹਟਾਓ' ਉਨ੍ਹਾਂ ਲਈ ਸਿਰਫ਼ ਨਾਅਰਾ ਹੀ ਨਹੀਂ, ਨਿਸ਼ਠਾ ਹੈ, ਤਾਂ ਜੋ ਗ਼ਰੀਬਾਂ ਨੂੰ ਵੀ 'ਕੁਆਲਿਟੀ ਆਵ੍ ਲਾਈਫ਼' ਭਾਵ ਗੁਣਵੱਤਾਪੂਰਨ ਜੀਵਨ ਸ਼ੈਲੀ ਜਿਊਣ ਦਾ ਹੱਕ ਮਿਲ ਸਕੇ**


> 'ਤੁਹਾਨੂੰ ਦੱਸ ਦੇਵਾਂ ਕਿ ਜੋ ਮੈਨੂੰ ਜਾਣਦੇ ਹਨ, ਉਹ ਸਮਝਦੇ ਵੀ ਹਨ। ਮੈਂ ਆਪਣੇ ਲਈ ਨਹੀਂ ਨਾ ਹੀ ਆਪਣਿਆਂ ਲਈ ਹਾਂ। ਮੈਂ ਇੱਥੇ ਗ਼ਰੀਬਾਂ ਲਈ ਹਾਂ। ਮੈਂ ਗ਼ਰੀਬੀ ਵਿੱਚ ਜਨਮਿਆ ਹਾਂ ਤੇ ਗ਼ਰੀਬੀ ਨੂੰ ਜੀਵਿਆ ਵੀ ਹੈ। ਮੈਂ ਗ਼ਰੀਬਾਂ ਦਾ ਦਰਦ ਸਮਝਦਾ ਹਾਂ।'

ਕਈ ਮੌਕਿਆਂ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਇਹ ਕਥਨ ਉਨ੍ਹਾਂ ਦੀ ਕਾਰਜਸ਼ੈਲੀ ਦਾ ਹਿੱਸਾ ਬਣ ਗਏ ਹਨ। ਸ਼ਾਸਨ ਜਾਂ ਰਾਜਨੀਤੀ ਵਿੱਚ ਕਹਿਣੀ ਤੇ ਕਰਨੀ ਵਿੱਚ ਇੱਕਸੁਰਤਾ ਦੀ ਇਸ ਤੋਂ ਵਧੀਆ ਹੋਰ ਕੋਈ ਮਿਸਾਲ ਨਹੀਂ ਹੋ ਸਕਦੀ ਕਿ ਜਦੋਂ ਦੇਸ਼ ਵਿੱਚ ਲੌਕਡਾਊਨ ਦਾ ਐਲਾਨ ਹੋਇਆ, ਤਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅਗਲੇ ਹੀ ਦਿਨ 26 ਮਾਰਚ ਨੂੰ 1.75 ਲੱਖ ਕਰੋੜ ਰੁਪਏ ਦੇ ਵਿਸ਼ੇਸ਼ ਗ਼ਰੀਬ ਪੈਕੇਜ ਦਾ ਐਲਾਨ ਕਰ ਦਿੱਤਾ। ਜਿਸ ਤਹਿਤ 81 ਕਰੋੜ ਲੋਕਾਂ ਨੂੰ 5 ਕਿਲੋਗ੍ਰਾਮ

ਅਨਾਜ, ਦਾਲ਼, 20 ਕਰੋੜ ਮਹਿਲਾਵਾਂ ਦੇ ਜਨਧਨ ਖਾਤੇ ਵਿੱਚ 500 ਰੁਪਏ, 8 ਕਰੋੜ ਘਰਾਂ ਵਿੱਚ ਉੱਜਵਲਾ ਦੇ ਮੁਫ਼ਤ ਸਿਲੰਡਰ, 3 ਕਰੋੜ ਬਜ਼ੁਰਗਾਂ, ਦਿੱਵਯਾਂਗ ਅਤੇ ਵਿਧਵਾਵਾਂ ਨੂੰ 1,000 ਰੁਪਏ ਦੀ ਮਾਸਿਕ ਪੈਨਸ਼ਨ, ਮਜ਼ਦੂਰਾਂ ਨੂੰ ਘਰਾਂ ਤੱਕ ਪਹੁੰਚਾਉਣ ਦੀ ਵਿਵਸਥਾ ਤੇ ਸਾਰੇ ਰਾਜਾਂ ਨੂੰ ਪ੍ਰਵਾਸੀਆਂ ਦੀ ਦੇਖਭਾਲ਼ ਲਈ 11 ਹਜ਼ਾਰ ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਸੀ। ਹੁਣ ਜਦੋਂ ਦੇਸ਼ ਅਨਲੌਕ ਹੋਇਆ ਅਤੇ ਅਰਥਵਿਵਸਥਾ ਪਟੜੀ ਉੱਤੇ ਪਰਤਣ ਲਗੀ, ਤਾਂ ਉਨ੍ਹਾਂ ਨੇ 50 ਹਜ਼ਾਰ ਕਰੋੜ ਰੁਪਏ ਦਾ ਗ਼ਰੀਬ ਕਲਿਆਣ ਰੋਜ਼ਗਾਰ ਅਭਿਯਾਨ ਸ਼ੁਰੂ ਕੀਤਾ। ਤਾਂ ਜੋ ਪ੍ਰਵਾਸੀ ਮਜ਼ਦੂਰਾਂ ਨੂੰ ਸਿਰਫ਼ ਅਨਾਜ ਹੀ ਨਹੀਂ, ਹੁਣ ਉਨ੍ਹਾਂ ਦੇ ਘਰ ਪਾਸ ਹੀ ਰੋਜ਼ਗਾਰ ਵੀ ਮਿਲ ਸਕੇ। ਝਾਰਖੰਡ 'ਚ ਗਿਰੀਡੀਹ ਦੇ ਰਾਮਸ਼ੰਕਰ ਠਾਕੁਰ ਤਾਂ ਰੋਜ਼ਗਾਰ ਅਭਿਯਾਨ ਤੋਂ ਇਲਾਵਾ ਪ੍ਰਧਾਨ ਮੰਤਰੀ ਦੀ ਗ਼ਰੀਬ ਕਲਿਆਣ ਅੰਨ ਯੋਜਨਾ ਲਈ ਉਨ੍ਹਾਂ ਨੂੰ ਮਸੀਹਾ ਕਰਾਰ ਦੇ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਸੰਕਟ ਦੀ ਘੜੀ ਵਿੱਚ ਗ਼ਰੀਬਾਂ ਨੂੰ ਅਨਾਜ ਦੇਣ ਦੀ ਯੋਜਨਾ ਨੂੰ ਦੀਪਾਵਲੀ-ਛਠ ਤੱਕ ਵਧਾ ਕੇ ਵੱਡਾ ਸਹਾਰਾ ਦਿੱਤਾ ਹੈ।

## ਰੇਲਵੇ ਦੇ ਰਿਹਾ 8 ਲੱਖ ਮਾਨਵ ਦਿਵਸ ਦੇ ਬਰਾਬਰ ਰੋਜ਼ਗਾਰ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਇਸ ਗ਼ਰੀਬ ਕਲਿਆਣ ਰੋਜ਼ਗਾਰ ਅਭਿਯਾਨ 'ਚ ਇਕੱਲੇ ਰੇਲਵੇ ਨੇ ਬੁਨਿਆਦੀ ਢਾਂਚਾ ਵਿਕਾਸ ਵਿੱਚ ਪ੍ਰਵਾਸੀਆਂ ਨੂੰ ਰੋਜ਼ਗਾਰ ਉਪਲਬਧ ਕਰਵਾਉਣਾ ਸ਼ੁਰੂ ਕਰ ਦਿੱਤਾ ਹੈ। 125 ਦਿਨਾਂ ਲਈ ਮਿਸ਼ਨ ਮੋਡ 'ਚ ਚਲਾਏ ਜਾ ਰਹੇ ਇਸ ਅਭਿਯਾਨ ਵਿੱਚ ਰੇਲਵੇ 8 ਲੱਖ ਮਾਨਵ ਦਿਵਸ ਦੇ ਬਰਾਬਰ ਰੋਜ਼ਗਾਰ ਦਾ ਮੌਕਾ ਦੇ ਰਿਹਾ ਹੈ। ਇਸ ਤੋਂ ਪਹਿਲਾਂ 23 ਜੁਲਾਈ ਤੱਕ ਰੇਲਵੇ ਨੇ 220413 ਮਾਨਵ ਦਿਵਸ ਰੋਜ਼ਗਾਰ ਦੇਣ ਦਾ ਟੀਚਾ ਰੱਖਿਆ ਸੀ ਤੇ ਕੇਂਦਰੀ ਰੇਲ ਮੰਤਰੀ ਪੀਯੂਸ਼ ਗੋਇਲ ਦੇ ਮੁਤਾਬਕ ਇਸ ਦੌਰਾਨ ਪ੍ਰਵਾਸੀ ਮਜ਼ਦੂਰਾਂ ਨੂੰ ਕੰਮ ਦੇ ਬਦਲੇ 737 ਕਰੋੜ ਰੁਪਏ ਦਾ ਭੁਗਤਾਨ ਵੀ ਕੀਤਾ ਜਾ ਚੁੱਕਾ ਹੈ। ਇਸ ਰੋਜ਼ਗਾਰ ਮੁਹਿੰਮ ਤਹਿਤ ਅਜਿਹੇ 25 ਵਰਗਾਂ ਦੇ ਕੰਮਾਂ ਦੀ ਸ਼ਨਾਖ਼ਤ ਕੀਤੀ ਗਈ ਹੈ, ਜੋ ਪਿੰਡਾਂ ਵਿੱਚ ਬੁਨਿਆਦੀ ਸੁਵਿਧਾਵਾਂ ਦੇ ਨਾਲ ਆਧੁਨਿਕ ਸੁਵਿਧਾਵਾਂ ਵੀ ਉਪਲਬਧ ਕਰਵਾ ਸਕੇ। ਰੇਲ ਮੰਤਰੀ ਪੀਯੂਸ਼ ਗੋਇਲ ਇਸ ਪਹਿਲ ਨੂੰ ਲੈ ਕੇ ਕਹਿੰਦੇ ਹਨ, 'ਪ੍ਰਵਾਸੀ ਮਜ਼ਦੂਰਾਂ ਨੂੰ ਗ਼ਰੀਬ ਕਲਿਆਣ ਰੋਜ਼ਗਾਰ ਯੋਜਨਾ ਤਹਿਤ ਰੋਜ਼ਗਾਰ ਮਿਲ ਰਿਹਾ ਹੈ। ਰੇਲਵੇ ਪ੍ਰੋਜੈਕਟ ਵਿੱਚ ਰੋਜ਼ਗਾਰ ਮਿਲਣ ਨਾਲ ਮਜ਼ਦੂਰਾਂ ਦੀ ਆਮਦਨ ਹੋਣ ਦੇ ਨਾਲ ਹੀ ਰੇਲਵੇ ਦੇ ਕਾਰਜ ਵੀ ਅਸਾਨੀ ਨਾਲ ਪੂਰੇ ਹੋ ਰਹੇ ਹਨ।





### ਭਾਰਤ ਨੂੰ ਪਿੰਡਾਂ ਨੇ ਸੰਭਾਲ਼ਿਆ

ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਜੰਗ ਵਿੱਚ ਪਿੰਡਾਂ ਨੇ ਮਹੱਤਵਪੂਰਨ ਭੂਮਿਕਾ ਨਿਭਾਈ। 6 ਲੱਖ ਪਿੰਡਾਂ ਵਿੱਚ ਰਹਿਣ ਵਾਲੀ 80-85 ਕਰੋੜ ਆਬਾਦੀ ਨੇ ਛੂਤ ਨੂੰ ਫੈਲਣ ਤੋਂ ਪ੍ਰਭਾਵੀ ਤਰੀਕੇ ਨਾਲ ਰੋਕਿਆ। ਇੰਨੀ ਆਬਾਦੀ ਸਮੁੱਚੇ ਯੂਰਪ ਨੂੰ ਮਿਲਾ ਕੇ ਵੀ ਨਹੀਂ ਹੈ।

### ਤਾਕਿ ਗ਼ਰੀਬਾਂ ਨੂੰ ਨਾ ਲੈਣਾ ਪਵੇ ਕਰਜ਼ਾ

ਪ੍ਰਧਾਨ ਮੰਤਰੀ ਨੇ ਇਸ ਯੋਜਨਾ ਨੂੰ ਲਾਂਚ ਕਰਦੇ ਹੋਏ ਗ਼ਰੀਬਾਂ ਪ੍ਰਤੀ ਆਪਣੀ ਸੋਚ ਦਾ ਇਜ਼ਹਾਰ ਕੀਤਾ ਸੀ, 'ਗ਼ਰੀਬ ਦੇ ਸਵੈਮਾਣ ਨੂੰ ਅਸੀਂ ਸਮਝਦੇ ਹਾਂ। ਤੁਸੀਂ ਸ਼੍ਰਮੇਵ ਜਯਤੇ, ਸ਼੍ਰਮ (ਕਿਰਤ) ਦੀ ਪੂਜਾ ਕਰਨ ਵਾਲੇ ਲੋਕ ਹੋ, ਤੁਹਾਨੂੰ ਕੰਮ ਚਾਹੀਦਾ ਹੈ, ਰੋਜ਼ਗਾਰ ਚਾਹੀਦਾ ਹੈ। ਇਸ ਭਾਵਨਾ ਨੂੰ ਸਰਬਉੱਚ ਰੱਖਦੇ ਹੋਏ ਹੀ ਸਰਕਾਰ ਨੇ ਇਸ ਯੋਜਨਾ ਨੂੰ ਬਣਾਇਆ ਹੈ, ਇਸ ਯੋਜਨਾ ਨੂੰ ਇੰਨੇ ਘੱਟ ਸਮੇਂ ਵਿੱਚ ਲਾਗੂ ਕੀਤਾ ਹੈ।" ਪ੍ਰਧਾਨ ਮੰਤਰੀ ਦਾ ਕਹਿਣਾ ਹੈ ਕਿ ਦੇਸ਼ ਦੇ ਇਤਿਹਾਸ ਵਿੱਚ ਪਹਿਲੀ ਵਾਰ ਅਜਿਹਾ ਹੋ ਰਿਹਾ ਹੈ ਜਦੋਂ ਪਿੰਡਾਂ ਵਿੱਚ, ਸ਼ਹਿਰਾਂ ਤੋਂ ਜ਼ਿਆਦਾ ਇੰਟਰਨੈੱਟ ਇਸਤੇਮਾਲ ਹੋ ਰਿਹਾ ਹੈ।

**6 ਸਾਲਾਂ ਵਿੱਚ ਹਰ ਪੱਧਰ ਉੱਤੇ, ਹਰ ਖੇਤਰ ਵਿੱਚ ਉਹ ਕਦਮ ਉਠਾਏ ਗਏ ਹਨ ਜੋ ਗ਼ਰੀਬਾਂ ਨੂੰ, ਆਮ ਲੋਕਾਂ ਨੂੰ ਅੱਗੇ ਵਧਣ ਲਈ ਉਤਸ਼ਾਹਿਤ ਕਰ ਸਕਣ। 'ਈਜ਼ ਆਵ੍ ਲਿਵਿੰਗ', ਜੀਵਨ ਜਿਊਣ 'ਚ ਅਸਾਨੀ, ਬਿਹਤਰ ਜੀਵਨ ਦੀ ਇੱਕ ਜ਼ਰੂਰੀ ਸ਼ਰਤ ਹੈ। ਪੈਸਾ ਘੱਟ ਹੋ ਸਕਦਾ ਹੈ, ਜ਼ਿਆਦਾ ਹੋ ਸਕਦਾ ਹੈ। ਪਰ 'ਈਜ਼ ਆਵ੍ ਲਿਵਿੰਗ' ਉੱਤੇ ਸਭ ਦਾ ਹੱਕ ਹੈ। ਇਸ ਲਈ ਬੀਤੇ 6 ਵਰ੍ਹਿਆਂ 'ਚ ਭਾਰਤ ਵਿੱਚ 'ਈਜ਼ ਆਵ੍ ਲਿਵਿੰਗ' ਦਾ ਵੀ ਇੱਕ ਬਹੁਤ ਵੱਡਾ ਅੰਦੋਲਨ ਚਲ ਰਿਹਾ ਹੈ। ਇਨ੍ਹਾਂ 6 ਵਰ੍ਹਿਆਂ ਵਿੱਚ ਹਰ ਪੱਧਰ ਉੱਤੇ ਉਹ ਕਦਮ ਉਠਾਏ ਗਏ ਹਨ ਜੋ ਗ਼ਰੀਬਾਂ ਨੂੰ ਆਮ ਜਨਤਾ ਨੂੰ ਅੱਗੇ ਵਧਣ ਲਈ ਉਤਸ਼ਾਹਿਤ ਕਰ ਸਕਣ।'**



**-ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

## ਪੀਐੱਮ ਗ਼ਰੀਬ ਕਲਿਆਣ ਯੋਜਨਾ ਵਿੱਚ ਲੌਕਡਾਊਨ ਤੋਂ ਹੁਣ ਤੱਕ ਹੋਏ ਖ਼ਰਚੇ

| ਯੋਜਨਾ | ਲਾਭਾਰਥੀਆਂ ਦੀ ਸੰਖਿਆ | ਰਕਮ |
|---|---|---|
| ਜਨਧਨ ਮਹਿਲਾ ਖਾਤਾਧਾਰਕਾਂ ਨੂੰ ਸਹਾਇਤਾ | ਪਹਿਲੀ ਕਿਸ਼ਤ-20.65 ਕਰੋੜ (100%)<br>ਦੂਸਰੀ ਕਿਸ਼ਤ-20.63 ਕਰੋੜ<br>ਤੀਸਰੀ ਕਿਸ਼ਤ-20.62 (100%) | ਪਹਿਲੀ ਕਿਸ਼ਤ-10,325 ਕਰੋੜ<br>ਦੂਸਰੀ ਕਿਸ਼ਤ-10,315 ਕਰੋੜ<br>ਤੀਸਰੀ ਕਿਸ਼ਤ-10,312 ਕਰੋੜ |
| ਐੱਨਐੱਸਪੀ (ਬਜ਼ੁਰਗਾਂ, ਵਿਧਵਾਵਾਂ ਅਤੇ ਦਿੱਵਯਾਂਗਾਂ) ਨੂੰ ਸਹਾਇਤਾ | 2.81 ਕਰੋੜ (100%) | 2814 ਕਰੋੜ |
| ਪੀਐੱਮ-ਕਿਸਾਨ ਤਹਿਤ ਕਿਸਾਨਾਂ ਦੇ ਖਾਤਿਆਂ ਵਿੱਚ ਭੁਗਤਾਨ ਕੀਤਾ ਗਿਆ | 8.94 ਕਰੋੜ | 17891 ਕਰੋੜ |
| ਭਵਨ ਤੇ ਹੋਰ ਨਿਰਮਾਣ ਕਾਮਿਆਂ ਨੂੰ ਸਹਾਇਤਾ | 2.3 ਕਰੋੜ | 4313 ਕਰੋੜ |
| ਈਪੀਐੱਫਓ ਨੂੰ 24% ਯੋਗਦਾਨ | 66 ਲੱਖ | 996 ਕਰੋੜ |
| ਉੱਜਵਲਾ | ਪਹਿਲੀ ਕਿਸ਼ਤ-7.48<br>ਦੂਸਰੀ ਕਿਸ਼ਤ-4.48 | 8488 ਕਰੋੜ |
| ਕੁੱਲ | **42.84 ਕਰੋੜ** | **65,454 ਕਰੋੜ** |

### ਬਿਹਾਰ ਤੋਂ ਸ਼ੁਰੂ ਹੋਇਆ ਅਭਿਯਾਨ

ਇਸ ਅਭਿਯਾਨ ਦੇ ਲਾਂਚ ਲਈ ਖਾਸ ਤੌਰ 'ਤੇ ਬਿਹਾਰ ਦੀ ਚੋਣ ਕੀਤੀ ਗਈ, ਜਿੱਥੋਂ ਲੋਕ ਰੋਜਗਾਰ ਲਈ ਵੱਡੀ ਸੰਖਿਆ 'ਚ ਪਲਾਇਨ ਕਰਦੇ ਰਹੇ ਹਨ। ਵੀਡੀਓ ਕਾਨਫ਼ਰੰਸ ਜ਼ਰੀਏ ਬਿਹਾਰ ਦੇ ਖਗੜੀਆ ਜ਼ਿਲ੍ਹੇ ਦੇ ਤੇਲੀਹਰ ਪਿੰਡ ਤੋਂ ਇਹ ਅਭਿਯਾਨ ਸ਼ੁਰੂ ਕੀਤਾ ਗਿਆ, ਜਿਸ ਦਾ ਉਦੇਸ਼:

- **ਕੋਰੋਨਾ ਮਹਾਮਾਰੀ ਤੋਂ ਪ੍ਰਭਾਵਿਤ ਹੋ ਕੇ ਵੱਡੀ ਸੰਖਿਆ 'ਚ ਘਰਾਂ ਨੂੰ ਪਰਤਣ ਵਾਲੇ ਕਾਮਿਆਂ ਨੂੰ ਆਜੀਵਿਕਾ ਦੇ ਅਵਸਰ ਦੇਣਾ।**
- **ਪਿੰਡਾਂ ਵਿੱਚ ਬੁਨਿਆਦੀ ਢਾਂਚੇ ਦੇ ਵਿਸਤਾਰ ਉੱਤੇ ਜ਼ੋਰ ਦਿੰਦੇ ਹੋਏ ਅਵਸਰ ਤਿਆਰ ਕਰਨਾ।**
- **ਹਰੇਕ ਪ੍ਰਵਾਸੀ ਕਾਮੇ ਨੂੰ 125 ਦਿਨਾਂ ਵਿੱਚ ਉਸ ਦੇ ਕੌਸ਼ਲ ਦੇ ਅਧਾਰ ਉੱਤੇ ਰੋਜਗਾਰ ਨੂੰ ਸੁਨਿਸ਼ਚਿਤ ਕਰਨਾ ਹੈ।**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਅਭਿਯਾਨ ਨੂੰ ਲਾਂਚ ਕਰਦੇ ਹੋਏ ਬਿਹਾਰ ਦੇ ਤੇਲੀਹਰ ਪਰਤੇ ਪ੍ਰਵਾਸੀਆਂ ਨਾਲ ਉਨ੍ਹਾਂ ਦੇ ਰੋਜਗਾਰ ਦੀ ਮੌਜੂਦਾ ਸਥਿਤੀ ਤੇ ਲੌਕਡਾਊਨ ਦੌਰਾਨ ਸ਼ੁਰੂ ਕੀਤੀਆਂ ਗਈਆਂ ਵਿਭਿੰਨ ਯੋਜਨਾਵਾਂ ਬਾਰੇ ਵੀ ਗੱਲਬਾਤ ਕੀਤੀ। ਇਸ ਗੱਲਬਾਤ ਬਾਰੇ ਪ੍ਰਧਾਨ ਮੰਤਰੀ ਨੇ ਕਿਹਾ, "ਤੁਹਾਡੇ ਨਾਲ ਗੱਲ ਕਰ ਕੇ ਤੁਹਾਡੀ ਊਰਜਾ, ਸਨਮਾਨ ਤੇ ਵਿਸ਼ਵਾਸ ਦਾ ਜੋ ਭਾਵ ਸੀ, ਉਸ ਨੂੰ ਮੈਂ ਮਹਿਸੂਸ ਕਰ ਰਿਹਾ ਹਾਂ। ਕੋਰੋਨਾ ਦਾ ਇੰਨਾ ਵੱਡਾ ਸੰਕਟ, ਪੂਰੀ ਦੁਨੀਆ ਜਿਸ ਦੇ ਸਾਹਮਣੇ ਹਿੱਲ ਗਈ, ਪਰ ਤੁਸੀਂ ਡਟ ਕੇ ਖੜ੍ਹੇ ਰਹੇ। ਭਾਰਤ ਦੇ ਪਿੰਡਾਂ ਨੇ ਤਾਂ ਕੋਰੋਨਾ ਦਾ ਜਿਸ ਤਰ੍ਹਾਂ ਮੁਕਾਬਲਾ ਕੀਤਾ ਹੈ, ਉਸ ਨੇ ਸ਼ਹਿਰਾਂ ਨੂੰ ਵੀ ਬਹੁਤ ਵੱਡਾ ਸਬਕ ਦਿੱਤਾ ਹੈ।"

ਲੌਕਡਾਊਨ ਦੇ ਬਾਅਦ ਸਰਕਾਰ ਨੇ ਤਿੰਨ ਮਹੀਨਿਆਂ ਵਿੱਚ 80 ਕਰੋੜ ਗ਼ਰੀਬਾਂ ਦੀ ਥਾਲ਼ੀ ਤੱਕ ਰਾਸ਼ਨ-ਦਾਲ਼ ਪਹੁੰਚਾਉਣ ਦਾ ਕੰਮ ਕੀਤਾ, ਤਾਂ ਰਾਸ਼ਨ ਦੇ ਨਾਲ ਉਨ੍ਹਾਂ ਨੂੰ ਗੈਸ ਸਿਲੰਡਰ ਵੀ ਮੁਫ਼ਤ ਦਿੱਤੇ ਗਏ। ਇਸੇ ਤਰ੍ਹਾਂ, 20 ਕਰੋੜ ਗ਼ਰੀਬ ਮਹਿਲਾਵਾਂ ਦੇ ਜਨ ਧਨ ਖਾਤਿਆਂ ਵਿੱਚ 10 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਸਿੱਧੇ ਟ੍ਰਾਂਸਫਰ ਕੀਤੇ ਗਏ। ਗ਼ਰੀਬ ਬਜ਼ੁਰਗ, ਮਾਵਾਂ-ਭੈਣਾਂ ਤੇ ਦਿੱਵਯਾਂਗ ਸਾਥੀਆਂ ਦੇ ਲਈ 1000 ਰੁਪਏ ਦੀ ਸਹਾਇਤਾ ਵੀ ਸਿੱਧੀ ਉਨ੍ਹਾਂ ਦੇ ਖਾਤਿਆਂ ਵਿੱਚ ਭੇਜੀ ਗਈ। ਪ੍ਰਧਾਨ ਮੰਤਰੀ ਨੇ ਸੁਆਲ ਵੀ ਉਠਾਇਆ ਕਿ ਜੇਕਰ ਘਰ-ਘਰ ਜਾ ਕੇ ਜਨ ਧਨ ਖਾਤੇ ਨਾ ਖੁਲ੍ਹਵਾਏ ਗਏ ਹੁੰਦੇ, ਮੋਬਾਈਲ ਨਾਲ ਇਨ੍ਹਾਂ ਖਾਤਿਆਂ ਤੇ ਆਧਾਰ ਕਾਰਡ ਨੂੰ ਜੋੜਿਆ ਨਾ ਹੁੰਦਾ, ਤਾਂ ਇਹ ਕਿਵੇਂ ਹੋ ਸਕਦਾ?

ਨਿਸ਼ਚਿਤ ਤੌਰ 'ਤੇ ਪ੍ਰਧਾਨ ਮੰਤਰੀ ਮੋਦੀ ਨੇ ਗਾਓਂ-ਗ਼ਰੀਬ ਪ੍ਰਤੀ ਆਪਣੀ ਨਿਸ਼ਠਾ ਨੂੰ ਵਿਵਹਾਰਕਤਾ ਵਿੱਚ ਬਦਲ ਕੇ ਗ਼ਰੀਬ ਰੋਜਗਾਰ ਕਲਿਆਣ ਯੋਜਨਾ ਜ਼ਰੀਏ ਦੋ-ਹਰਫ਼ੀ ਸੰਦੇਸ਼ ਦਿੱਤਾ ਹੈ ਕਿ ਗ਼ਰੀਬੀ ਉਨ੍ਹਾਂ ਲਈ ਨਾਅਰਾ ਨਹੀਂ, ਬਲਕਿ ਉਨ੍ਹਾਂ ਦਾ ਟੀਚਾ 'ਕੁਆਲਿਟੀ ਆਵ੍ ਲਾਈਫ਼' ਦੇ ਲਈ ਜੂਝ ਰਹੇ ਗ਼ਰੀਬਾਂ ਦਾ ਲਾਈਫ਼-ਸਟਾਈਲ ਬਦਲ ਕੇ ਉਨ੍ਹਾਂ ਨੂੰ ਗੁਣਵੱਤਾਪੂਰਨ ਜੀਵਨ ਦੇਣਾ ਹੈ।■

# ਭਾਰਤ ਵਿੱਚ ਹੁਣ ਡਿਜੀਟਲ ਆਤਮਨਿਰਭਰਤਾ ਦੀ ਧਮਕ

**ਕੇਂਦਰ ਸਰਕਾਰ ਨੇ ਦੇਸ਼ ਦੀ ਪ੍ਰਭੁਸੱਤਾ, ਅਖੰਡਤਾ ਅਤੇ ਸੁਰੱਖਿਆ ਦੇ ਲਿਹਾਜ਼ ਨਾਲ ਖ਼ਤਰਨਾਕ 59 ਐਪ ਉੱਤੇ ਪਾਬੰਦੀ ਲਗਾਈ, ਤਾਂ ਪੂਰੀ ਦੁਨੀਆ ਵਿੱਚ ਇਸ ਦੀ ਧਮਕ ਸੁਣਾਈ ਦਿੱਤੀ। ਰਣਨੀਤਕ ਅਤੇ ਆਰਥਿਕ ਚੋਟ ਤੋਂ ਬਾਅਦ ਭਾਰਤ ਨੇ ਹੁਣ ਡਿਜੀਟਲ ਸਟ੍ਰਾਈਕ ਜ਼ਰੀਏ ਆਪਣੀ ਸੁਰੱਖਿਆ ਨੂੰ ਦਰੁਸਤ ਕੀਤਾ, ਤਾਂ ਆਤਮਨਿਰਭਰ ਡਿਜੀਟਲ ਅਭਿਯਾਨ ਦੀ ਸ਼ੁਰੂਆਤ ਕਰਕੇ ਇੱਕ ਨਵੀਂ ਕ੍ਰਾਂਤੀ ਦੀ ਸ਼ੁਰੂਆਤ ਕਰ ਦਿੱਤੀ। ਹੁਣ ਇਸ ਦੇ ਨਤੀਜੇ ਦਿਸਣ ਵੀ ਲਗੇ ਹਨ ਅਤੇ ਭਾਰਤੀ ਐਪ ਬਿਹਤਰ ਵਿਕਲਪ ਦੇ ਤੌਰ 'ਤੇ ਉੱਭਰਨ ਲਗੇ ਹਨ। ਭਾਰਤ ਨੂੰ 1 ਟ੍ਰਿਲੀਅਨ ਦੀ ਡਿਜੀਟਲ ਇਕੌਨੋਮੀ ਬਣਾਉਣ ਦੀ ਇਹ ਨਵੀਂ ਡਿਜੀਟਲ ਕ੍ਰਾਂਤੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸ਼ਬਦਾਂ ਉੱਤੇ ਅਧਾਰਿਤ ਹੈ, ਜਿਸ ਵਿੱਚ ਵਿਕਾਸ ਯੋਜਨਾਵਾਂ ਦੀ ਸ਼ੁਰੂਆਤ ਕਰਦੇ ਵਕਤ ਉਹ ਕਹਿੰਦੇ ਹਨ-' ਭਾਰਤ ਇੱਥੇ ਹੀ ਨਹੀਂ ਰੁਕੇਗਾ, ਹੋਰ ਅੱਗੇ ਵਧੇਗਾ। ਆਤਮਨਿਰਭ ਬਣੇਗਾ।"**




ਰਾਜਨੀਤੀ ਹੋਵੇ ਜਾਂ ਕੂਟਨੀਤੀ, ਡਿਜੀਟਲ ਦੀ ਭੂਮਿਕਾ ਕਿਤਨੀ ਅਹਿਮ ਹੈ, ਇਸ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੋਂ ਬਿਹਤਰ ਹੋਰ ਕੌਣ ਸਮਝ ਸਕਦਾ ਹੈ। ਜਦੋਂ 2014 ਵਿੱਚ ਉਨ੍ਹਾਂ ਨੇ ਸੱਤਾ ਸੰਭਾਲ਼ੀ, ਤਾਂ ਭਾਰਤ ਦੇ ਸ਼ਾਸਨ ਪ੍ਰਸ਼ਾਸਨ ਵਿੱਚ ਨਵੇਂ ਡਿਜੀਟਲ ਯੁਗ ਦੀ ਸ਼ੁਰੂਆਤ ਹੋਈ ਸੀ। ਦੁਨੀਆ ਕੋਰੋਨਾ ਸੰਕਟ ਵਿੱਚ ਘਿਰੀ, ਤਾਂ ਉਨ੍ਹਾਂ ਹੀ ਦੁਨੀਆ ਨੂੰ ਵਰਚੁਅਲ ਮੀਟਿੰਗ ਦਾ ਮਾਰਗ ਦਿਖਾਇਆ। ਡਿਜੀਟਲ ਇੰਡੀਆ ਮੁਹਿੰਮ ਤਹਿਤ ਭਾਰਤ ਨੂੰ ਦੁਨੀਆ ਦੇ ਮੋਹਰੀ ਡਿਜੀਟਲ ਦੇਸ਼ਾਂ ਦੀ ਕਤਾਰ ਵਿੱਚ ਸ਼ਾਮਲ ਕਰਨ ਲਈ ਪ੍ਰਧਾਨ ਮੰਤਰੀ ਨੇ ਹੀ ਪਹਿਲ ਕੀਤੀ।

ਅੰਦਰੂਨੀ ਸੁਰੱਖਿਆ ਦੇ ਲਿਹਾਜ ਨਾਲ ਖ਼ਤਰਾ ਬਣੇ 59 ਐਪ ਨੂੰ ਬੈਨ ਕਰਨ ਦੇ ਨਾਲ ਹੀ ਸਰਕਾਰ ਨੇ ਇਸ ਖੇਤਰ ਵਿੱਚ ਵੀ ਆਤਮਨਿਰਭਰ ਬਣਨ ਦਾ ਫ਼ੈਸਲਾ ਕੀਤਾ ਹੈ। ਇਸੇ ਲਈ ਭਾਰਤ ਦੇ ਆਈਟੀ ਮਾਹਿਰਾਂ ਨੂੰ ਡਿਜੀਟਲ ਇੰਡੀਆ ਆਤਮਨਿਰਭਰ ਐਪ ਇਨੋਵੇਸ਼ਨ ਚੈਲੰਜ ਜ਼ਰੀਏ ਇੱਕ ਨਵਾਂ ਪਲੈਟਫ਼ਾਰਮ ਮੁਹੱਈਆ ਕਰਵਾਇਆ ਗਿਆ ਹੈ। 29 ਜੂਨ ਨੂੰ ਐਪ ਬੈਨ ਦੇ ਆਦੇਸ਼ ਤੋਂ ਬਾਅਦ ਟਿੱਕਟੌਕ, ਸ਼ੇਅਰਇਟ, ਯੂਸੀ ਬ੍ਰਾਉਜ਼ਰ ਅਤੇ ਕੈਮ ਸਕੈਨਰ ਦੇ ਮੁਕਾਬਲੇ ਲੋਕਾਂ ਦਾ ਭਾਰਤੀ ਐਪਸ ਉੱਤੇ ਭਰੋਸਾ ਵੀ ਵਧਿਆ ਹੈ। ਇਸੇ ਕਾਰਨ ਰੋਪਸੋ, ਸ਼ੇਅਰ ਚੈਟ ਅਤੇ ਚਿੰਗਾਰੀ ਜਿਹੇ ਭਾਰਤੀ ਐਪਸ ਦੇ ਡਾਊਨਲੋਡ ਕਈ ਗੁਣਾ ਵਧ ਗਏ ਹਨ।

## ਇਸ ਲਈ ਹੈ ਡਿਜੀਟਲ ਆਤਮਨਿਰਭਰਤਾ ਦੀ ਜ਼ਰੂਰਤ..

ਦੁਨੀਆ ਭਰ ਦੇ ਐਪ ਮਾਰਕਿਟ 'ਚ ਭਾਰਤੀ ਯੂਜ਼ਰਸ ਐਪ ਡਾਊਨਲੋਡ ਦੇ ਮਾਮਲੇ ਵਿੱਚ ਸਭ ਤੋਂ ਅੱਗੇ ਹਨ। ਲੇਕਿਨ ਸਹੀ ਪਲੈਟਫ਼ਾਰਮ ਨਾ ਮਿਲ ਸਕਣ ਕਾਰਨ ਹੁਣ ਭਾਰਤੀ ਆਈਟੀ ਐਕਸਪਰਟਾਂ ਦੀਆਂ ਬਣਾਈਆਂ ਐਪਸ ਨੂੰ ਓਨੀ ਮਕਬੂਲੀਅਤ ਨਹੀਂ ਮਿਲ ਸਕਦੀ ਸੀ। ਇਸੇ ਨੂੰ ਦੇਖਦੇ ਹੋਏ ਡਿਜੀਟਲ ਇੰਡੀਆ ਆਤਮਨਿਰਭਰ ਐਪ ਇਨੋਵੇਸ਼ਨ ਚੈਲੰਜ ਸ਼ੁਰੂ ਕੀਤਾ ਗਿਆ ਹੈ। ਕੇਂਦਰੀ ਸੂਚਨਾ ਟੈਕਨੋਲੋਜੀ ਮੰਤਰੀ ਰਵੀਸ਼ੰਕਰ ਪ੍ਰਸਾਦ ਅਨੁਸਾਰ 59 ਐਪਸ ਉੱਤੇ ਬੈਨ ਤੋਂ ਬਾਅਦ ਅਜਿਹੇ ਕਰੀਬ 200 ਨਵੇਂ ਭਾਰਤੀ ਐਪ ਬਣਾਏ ਗਏ ਹਨ। ਜੇ ਭਾਰਤ ਦੀ ਡਿਜੀਟਲ ਉਡਾਣ ਨੂੰ ਦੇਖਿਆ ਜਾਵੇ,

ਤਾਂ ਦੇਸ਼ ਦੇ 1.41 ਲੱਖ ਪਿੰਡ ਔਪਟੀਕਲ ਫ਼ਾਈਬਰ ਨੈੱਟਵਰਕ ਨਾਲ ਜੁੜ ਚੁੱਕੇ ਹਨ, ਤੇ ਨਰੇਂਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾ 358 ਕਿਲੋਮੀਟਰ ਔਪਟੀਕਲ ਫ਼ਾਈਬਰ ਨੈੱਟਵਰਕ ਦੇ ਮੁਕਾਬਲੇ ਪਿਛਲੇ ਛੇ ਸਾਲਾਂ 'ਚ 433268 ਕਿਲੋਮੀਟਰ ਫ਼ਾਈਬਰ ਨੈੱਟਵਰਕ ਵਿਛਾਏ ਗਏ ਹਨ। ਭਾਰਤ ਦਾ ਡਿਜੀਟਲ ਬੁਨਿਆਦੀ ਢਾਂਚਾ ਇਸ ਦੌਰਾਨ ਤੇਜ਼ੀ ਨਾਲ ਮਜ਼ਬੂਤ ਹੋਇਆ ਹੈ।

## ਡੇਟਾ ਪ੍ਰਾਈਵੇਸੀ ਲਈ ਇਹ ਜ਼ਰੂਰੀ

ਕੇਂਦਰੀ ਮੰਤਰੀ ਰਵੀਸ਼ੰਕਰ ਪ੍ਰਸਾਦ ਅਨੁਸਾਰ ਅੱਜ ਦੇ ਡਿਜੀਟਲ ਯੁਗ ਵਿੱਚ ਡੇਟਾ ਪ੍ਰਾਈਵੇਸੀ ਵੀ ਹਰ ਭਾਰਤੀ ਦਾ ਮੌਲਿਕ ਅਧਿਕਾਰ ਹੈ। ਸ੍ਰੀ ਪ੍ਰਸਾਦ ਅਨੁਸਾਰ ਇਸ ਸਮੇਂ ਰਣਨੀਤੀ ਦੇ ਲਿਹਾਜ ਨਾਲ ਡੇਟਾ ਸਭ ਤੋਂ ਜ਼ਿਆਦਾ ਅਹਿਮ ਹੈ, ਅਜਿਹੀ ਸਥਿਤੀ ਵਿੱਚ ਸਭ ਤੋਂ ਵੱਡਾ ਸੁਆਲ ਇਹ ਹੈ ਕਿ ਆਖ਼ਰ ਇਹ ਡੇਟਾ ਕਿਸ ਦੇ ਅਧਿਕਾਰ ਖੇਤਰ ਵਿੱਚ ਹੈ? ਇਸ ਲਈ ਹੁਣ ਸਾਨੂੰ ਇਸ ਖੇਤਰ ਵਿੱਚ ਵੀ ਆਤਮਨਿਰਭਰ ਬਣਨਾ ਹੈ।


## ਆਤਮਨਿਰਭਰ ਡਿਜੀਟਲ ਮੁਹਿੰਮ

ਦੁਨੀਆ ਦੀ ਕੋਈ ਵੀ ਵੱਡੀ ਕੰਪਨੀ ਹੋਵੇ, ਭਾਰਤੀ ਆਈਟੀ ਪੇਸ਼ੇਵਰਾਂ ਨੇ ਹਰ ਥਾਂ ਆਪਣੀ ਕਾਬਲੀਅਤ ਸਾਬਤ ਕੀਤੀ ਹੈ। ਲੇਕਿਨ ਦੇਸ਼ ਦੇ ਅੰਦਰ ਉਚਿਤ ਪਲੈਟਫ਼ਾਰਮ ਨਾ ਮਿਲ ਸਕਣ ਕਾਰਨ ਐਪ ਤੇ ਆਈਟੀ ਇਨੋਵੇਸ਼ਨ ਵਿੱਚ ਭਾਰਤੀ ਪੇਸ਼ੇਵਰ ਪਿੱਛੇ ਰਹਿ ਜਾਂਦੇ ਹਨ। ਚੁਣੌਤੀ ਵਿੱਚ ਅਵਸਰ ਲੱਭਣ ਦੀ ਪਹਿਲ ਦਾ ਹੀ ਨਤੀਜਾ ਹੈ ਕਿ ਸਰਕਾਰ ਨੇ 59 ਐਪ ਉੱਤੇ ਬੈਨ ਦੇ ਨਾਲ ਭਾਰਤੀ ਆਈਟੀ ਮਾਹਿਰਾਂ ਨੂੰ ਨਵਾਂ ਪਲੈਟਫ਼ਾਰਮ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਡਿਜੀਟਲ ਇੰਡੀਆ ਆਤਮਨਿਰਭਰ ਭਾਰਤ ਐਪ ਇਨੋਵੇਸ਼ਨ ਚੈਲੰਜ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਵਿੱਚ ਨੀਤੀ ਆਯੋਗ ਦਾ ਅਟਲ ਇਨੋਵੇਸ਼ਨ ਮਿਸ਼ਨ, ਮੰਤਰਾਲੇ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਇਸ ਨੂੰ ਦੋ ਤਰੀਕਿਆਂ ਨਾਲ ਕੀਤਾ ਜਾਵੇਗਾ। ਪਹਿਲਾ, ਮੌਜੂਦਾ ਸਾਰੀਆਂ ਐਪ ਵਿੱਚ ਸੁਧਾਰ ਦੀ ਗੁੰਜਾਇਸ਼ ਦੇਖ ਕੇ ਇਸ ਨੂੰ ਵਿਸ਼ਵ-ਪੱਧਰੀ ਬਣਾਉਣ ਦਾ ਮੁੱਲਾਂਕਣ ਹੋਵੇਗਾ। ਇਸ ਚੈਲੰਜ ਦੇ ਪਹਿਲੇ ਟ੍ਰੈਕ ਲਈ 8 ਸ਼੍ਰੇਣੀਆਂ ਦੀ ਚੋਣ ਕੀਤੀ ਗਈ ਹੈ। ਇਨ੍ਹਾਂ ਵਿੱਚ ਦਫ਼ਤਰੀ ਉਤਪਾਦਕਤਾ, ਵਰਕ ਫ਼੍ਰੌਮ ਹੋਮ ਲਈ ਟੂਲਸ, ਸੋਸ਼ਲ ਨੈੱਟਵਰਕਿੰਗ, ਈ-ਲਰਨਿੰਗ, ਐਂਟਰਟੇਨਮੈਂਟ, ਹੈਲਥ ਤੇ ਫਿਟਨਸ ਨਾਲ ਖ਼ਬਰਾਂ ਤੇ ਖੇਡਾਂ ਸ਼ਾਮਲ ਹਨ। ਇਸ ਤੋਂ ਬਾਅਦ ਦੂਜੇ ਪੱਧਰ ਉੱਤੇ ਇਮੋਸ਼ਨਲ ਚੈਲੰਜ ਨੂੰ ਵਧਾਉਂਦੇ ਹੋਏ ਭਾਰਤੀ

## ਭਾਰਤੀ ਐਪ ਭਰੋਸੇ ਦੇ ਪ੍ਰਤੀਕ ਬਣੇ

ਸੁਰੱਖਿਆ ਦੇ ਲਿਹਾਜ਼ ਖ਼ਤਰਾ ਬਣੇ 59 ਵਿਦੇਸ਼ੀ ਐਪਸ ਉੱਤੇ ਬੈਨ ਦੇ ਬਾਅਦ ਭਾਰਤ ਵਿੱਚ ਲੋਕਾਂ ਦਾ ਸਵਦੇਸ਼ੀ ਐਪਸ ਉੱਤੇ ਭਰੋਸਾ ਵਧਿਆ ਹੈ। ਮੀਡੀਆ ਰਿਪੋਰਟਾਂ ਅਨੁਸਾਰ ਐਪ ਉੱਤੇ ਬੈਨ ਦਾ ਚੰਗਾ ਅਸਰ ਭਾਰਤੀ ਐਪ ਚਿੰਗਾਰੀ, ਰੋਪੋਸੋ, ਬੋਲੋ ਇੰਡੀਆ ਤੇ ਮਿਤ੍ਰੋਂ ਉੱਤੇ ਪਿਆ ਹੈ।

### ਐਪ ਬੈਨ ਦੇ ਬਾਅਦ ਵਧੀ ਡਾਊਨਲੋਡਿੰਗ




- ਉਦਾਹਰਣ ਦੇ ਤੌਰ 'ਤੇ ਅਸੀਂ ਦੇਖੀਏ, ਤਾਂ 'ਮਿੱਤ੍ਰੋਂ' ਐਪ ਨੂੰ ਲਾਂਚ ਹੋਇਆਂ ਹਾਲੇ ਕੁਝ ਮਹੀਨੇ ਹੀ ਹੋਏ ਹਨ। ਪਰ ਟਿੱਕਟੌਕ ਉੱਤੇ ਬੈਨ ਦੇ ਅਗਲੇ ਹੀ ਦਿਨ ਇਸ ਉੱਤੇ 11 ਗੁਣਾ ਟ੍ਰੈਫ਼ਿਕ ਵਧ ਗਈ।
- ਇਸ ਦੌਰਾਨ ਯੂਜ਼ਰਸ ਨੇ 10 ਵਿਭਿੰਨ ਭਾਸ਼ਾਵਾਂ ਵਿੱਚ ਵੀਡੀਓ ਅੱਪਲੋਡ ਕੀਤੇ। ਇਸ ਦੌਰਾਨ ਇੱਕ ਘੰਟੇ ਵਿੱਚ ਔਸਤਨ 24 ਮਿਲੀਅਨ ਵਿਊ ਮਿਲੇ। ਇੱਕ ਹੋਰ ਵੀਡੀਓ ਐਪ Bolo Indya ਨੂੰ ਵੀ ਬੈਨ ਦੇ 24 ਘੰਟਿਆਂ ਵਿੱਚ ਹੀ ਤਿੰਨ ਗੁਣਾ ਲੋਕਾਂ ਨੇ ਡਾਊਨਲੋਡ ਕੀਤਾ।
- ਇਸੇ ਤਰ੍ਹਾਂ Roposo ਗੂਗਲ ਪਲੇਅ ਸਟੋਰ ਉੱਤੇ ਮੁਫ਼ਤ ਐਪ ਦੀ ਸ਼੍ਰੇਣੀ ਵਿੱਚ ਟੌਪ 3 ਵਿੱਚ ਸ਼ਾਮਲ ਹੋ ਗਿਆ ਹੈ। ਭਾਰਤੀ ਐਪ Chingari ਨੂੰ ਹੁਣ ਤੱਕ 10 ਮਿਲੀਅਨ ਤੋਂ ਜ਼ਿਆਦਾ ਵਾਰ ਡਾਊਨਲੋਡ ਕੀਤਾ ਜਾ ਚੁੱਕਾ ਹੈ। ਉੱਥੇ ਹੀ ਫ਼ਾਈਲ ਟ੍ਰਾਂਸਫ਼ਰ ਐਪ ShareChat 100 ਮਿਲੀਅਨ ਤੋਂ ਜ਼ਿਆਦਾ ਵਾਰ ਡਾਊਨਲੋਡ ਕੀਤਾ ਜਾ ਚੁੱਕਾ ਹੈ।
- ਆਰੋਗਯ ਸੇਤੂ ਹੈਲਥ ਕੇਅਰ ਵਿੱਚ ਦੁਨੀਆ ਦੀ ਸਭ ਤੋਂ ਵੱਡੀ ਐਪ ਬਣ ਗਈ ਹੈ। ਲਾਂਚ ਤੋਂ ਜੁਲਾਈ ਤੱਕ ਇਸ ਨੂੰ 14 ਕਰੋੜ 83 ਲੱਖ ਲੋਕ ਡਾਊਨਲੋਡ ਕਰ ਚੁੱਕੇ ਹਨ।



**ਸਾਨੂੰ ਸਭ ਨੂੰ ਇਹ ਸਮਝਣ ਦੀ ਜ਼ਰੂਰਤ ਹੈ ਕਿ ਡਿਜੀਟਲ ਇਕੌਨੌਮੀ ਨੂੰ ਡੇਟਾ ਇਕੌਨੌਮੀ ਦੇ ਹੱਥ ਨਾਲ ਹੱਥ ਮਿਲਾ ਕੇ ਚਲਣਾ ਹੋਵੇਗਾ। ਸਾਨੂੰ ਡੇਟਾ ਦੀ ਪ੍ਰਭੂਸੱਤਾ ਨੂੰ ਸਮਝਣ ਦੀ ਜ਼ਰੂਰਤ ਹੈ। ਡੇਟਾ ਨੂੰ ਸਬੰਧਿਤ ਪ੍ਰਭੂਸੱਤਾ ਦੇਸ਼ ਦੇ ਕੋਲ ਹੀ ਹੋਣਾ ਚਾਹੀਦਾ ਹੈ, ਜਿਸ ਨਾਲ ਉਹ ਆਪਣੇ ਲੋਕਾਂ ਦੀ ਨਿਜਤਾ ਦੀ ਹਿਫ਼ਾਜ਼ਤ ਕਰ ਸਕੇ। ਜਿੱਥੋਂ ਤੱਕ ਸੁਰੱਖਿਆ, ਰੱਖਿਆ ਤੇ ਗੋਪਨੀਅਤਾ ਦੀ ਗੱਲ ਹੈ, ਤਾਂ ਡਿਜੀਟਲ ਪਲੈਟਫ਼ਾਰਮਸ ਨੂੰ ਪ੍ਰਭੂਸੱਤਾ-ਸੰਪੰਨ ਦੇਸ਼ਾਂ ਦੀਆਂ ਚਿੰਤਾਵਾਂ ਪ੍ਰਤੀ ਉੱਤਰਦਾਈ, ਜਵਾਬਦੇਹ ਤੇ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ।**


**ਰਵੀਸ਼ੰਕਰ ਪ੍ਰਸਾਦ, ਕੇਂਦਰੀ ਸੂਚਨਾ ਟੈਕਨੋਲੋਜੀ ਮੰਤਰੀ**

(ਜੀ 20 ਦੇਸ਼ਾਂ ਦੀ ਡਿਜੀਟਲ ਬੈਠਕ ਵਿੱਚ)

### ਗਲੋਬਲ ਡਿਜੀਟਲ ਭਾਰਤ ਲਈ ਪ੍ਰਧਾਨ ਮੰਤਰੀ ਮੋਦੀ ਦੀ ਪਹਿਲ

# ਡਿਜੀਟਲ ਇੰਡੀਆ 'ਚ ਨਿਵੇਸ਼ ਕਰਨਗੀਆਂ ਗੂਗਲ-ਆਈਬੀਐੱਮ





ਆਤਮਨਿਰਭਰ ਡਿਜੀਟਲ ਭਾਰਤ ਦੇ ਮਿਸ਼ਨ ਵਿੱਚ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਵਿਜ਼ਨ ਵਿੱਚ ਵੱਡੀਆਂ ਆਈਟੀ ਕੰਪਨੀਆਂ ਆਈਬੀਐੱਮ ਅਤੇ ਗੂਗਲ ਵੀ ਆਪਣਾ ਯੋਗਦਾਨ ਪਾਉਣਗੀਆਂ। ਇਸੇ ਸਿਲਸਿਲੇ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੀਡੀਓ ਕਾਨਫ਼ਰੰਸਿੰਗ ਜ਼ਰੀਏ ਆਈਬੀਐੱਮ ਦੇ ਸੀਈਓ ਅਰਵਿੰਦ ਕ੍ਰਿਸ਼ਣਾ ਨਾਲ ਗੱਲਬਾਤ ਕੀਤੀ। ਪ੍ਰਧਾਨ ਮੰਤਰੀ ਨਾਲ ਗੱਲਬਾਤ ਵਿੱਚ ਕ੍ਰਿਸ਼ਣਾ ਨੇ ਭਾਰਤ ਵਿੱਚ ਆਈਬੀਐੱਮ ਦੀਆਂ ਵੱਡੇ ਨਿਵੇਸ਼ ਦੀਆਂ ਯੋਜਨਾਵਾਂ ਬਾਰੇ ਵਿਸਤਾਰਪੂਰਬਕ ਜਾਣਕਾਰੀ ਦਿੱਤੀ। ਉਨ੍ਹਾਂ ਡਿਜੀਟਲ ਇੰਡੀਆ ਅਭਿਯਾਨ ਦੀ ਤਾਰੀਫ ਕਰਦੇ ਹੋਏ ਕਿਹਾ ਕਿ ਭਾਰਤ ਦੇ ਟੈੱਕ ਸੈਕਟਰ ਵਿੱਚ ਨਿਵੇਸ਼ ਦਾ ਇਹ ਸਭ ਤੋਂ ਬਿਹਤਰੀਨ ਅਵਸਰ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਅਜਿਹੇ ਸਮੇਂ ਜਦੋਂ ਪੂਰੀ ਦੁਨੀਆ ਮੰਦੀ ਵਿੱਚੋਂ ਲੰਘ ਰਹੀ ਹੈ, ਭਾਰਤ ਵਿੱਚ ਵਿਦੇਸ਼ੀ ਨਿਵੇਸ਼ ਵਧ ਰਿਹਾ ਹੈ। ਭਾਰਤ ਆਤਮਨਿਰਭਰ ਹੋਣ ਦਾ ਸੁਪਨਾ ਸਾਕਾਰ ਕਰਨ ਲਈ ਅੱਗੇ ਵਧ ਰਿਹਾ ਹੈ, ਤਾਂ ਜੋ ਦੇਸ਼ ਵਿੱਚ ਇੱਕ ਮਜ਼ਬੂਤ ਲੋਕਲ ਸਪਲਾਈ ਚੇਨ ਵਿਕਸਿਤ ਹੋ ਸਕੇ। ਉੱਧਰ ਗੂਗਲ ਦੇ ਸੀਈਓ ਸੁੰਦਰ ਪਿਚਾਈ ਨੇ ਵੀ ਡਿਜੀਟਲ ਇੰਡੀਆ ਅਭਿਯਾਨ ਦੀ ਸ਼ਲਾਘਾ ਕਰਦਿਆਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਭਾਰਤ ਵਿੱਚ ਗੂਗਲ ਦੀਆਂ ਕਈ ਅਹਿਮ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ। ਡਿਜੀਟਲ ਇੰਡੀਆ ਅਭਿਯਾਨ ਤਹਿਤ ਗੂਗਲ ਭਾਰਤ ਵਿੱਚ ਕਰੀਬ 75 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਕਰੇਗੀ।

### ਜ਼ਬਰਦਸਤ ਕ੍ਰੇਜ਼: ਚੈਲੰਜ ਤਹਿਤ ਆਈਆਂ ਹਨ 6940 ਐਂਟ੍ਰੀਆਂ

| ਸ਼੍ਰੇਣੀ | ਸੰਖਿਆ |
|---|---|
| ਬਿਜ਼ਨਸ | 1142 |
| ਹੈਲਥ-ਵੈੱਲਨੈੱਸ | 901 |
| ਈ-ਲਰਨਿੰਗ | 1062 |
| ਸੋਸ਼ਲ ਨੈੱਟਵਰਕਿੰਗ | 1155 |
| ਗੇਮਸ | 326 |
| ਆਫ਼ਿਸ/ਵਰਕ ਫ੍ਰੌਮ ਹੋਮ | 662 |
| ਨਿਊਜ਼ | 237 |
| ਐਂਟਰਟੇਨਮੈਂਟ | 320 |
| ਹੋਰ | 1135 |

ਸਟਾਰਟਅੱਪ, ਉੱਦਮੀਆਂ ਤੇ ਕੰਪਨੀਆਂ ਦੀ ਪਹਿਚਾਣ ਕੀਤੀ ਜਾਵੇਗੀ ਜੋ ਨਵੇਂ ਆਈਡੀਆ ਨੂੰ ਲਿਆਉਣ, ਅੱਗੇ ਵਧਾਉਣ ਤੇ ਉਸ ਦਾ ਪ੍ਰੋਟੋਟਾਈਪ ਬਣਾਉਣ ਦੀ ਦਿਸ਼ਾ ਵਿੱਚ ਕੰਮ ਕਰ ਸਕਦੇ ਹਨ।

### ਸਭ ਤੋਂ ਜ਼ਿਆਦਾ ਯੂਜ਼ਰਸ ਭਾਰਤੀ...

MyGov ਦੇ ਸੀਈਓ ਅਭਿਸ਼ੇਕ ਸਿੰਘ ਅਨੁਸਾਰ ਦੁਨੀਆ ਭਰ ਵਿੱਚ ਐਪ ਯੂਜ਼ਰਸ ਦੇ ਤੌਰ 'ਤੇ ਭਾਰਤ ਸਭ ਤੋਂ ਵੱਡਾ ਬਜ਼ਾਰ ਹੈ। ਜਨਵਰੀ ਤੋਂ ਮਾਰਚ 2020 'ਚ ਦੁਨੀਆ ਭਰ ਵਿੱਚ ਕੁੱਲ 33.6 ਬਿਲੀਅਨ ਐਪ ਡਾਊਨਲੋਡ ਹੋਏ। ਸਾਲ 2019 'ਚ ਇਸੇ ਸਮੇਂ ਇਹ ਅੰਕੜਾ 27.9 ਬਿਲੀਅਨ ਸੀ। ਭਾਵ ਇੱਕ ਸਾਲ ਵਿੱਚ ਇਸ ਵਿੱਚ 20.3 ਫ਼ੀਸਦੀ ਦਾ ਵਾਧਾ ਹੋਇਆ। ਇਸ ਵਿੱਚ ਵੀ 5 ਬਿਲੀਅਨ ਤੋਂ ਜ਼ਿਆਦਾ ਐਪ ਇਕੱਲੇ ਭਾਰਤ ਵਿੱਚ ਡਾਊਨਲੋਡ ਕੀਤੇ ਗਏ। ਇਸ ਦੌਰਾਨ ਫ਼ੇਸਬੁੱਕ ਸਭ ਤੋਂ ਜ਼ਿਆਦਾ 800 ਮਿਲੀਅਨ ਡਾਊਨਲੋਡ ਨਾਲ ਪਹਿਲੇ ਨੰਬਰ ਉੱਤੇ ਰਹੀ। ਇਸ ਦੇ ਦੂਜੇ ਸਥਾਨ 'ਤੇ ਗੂਗਲ ਤੇ ਤੀਜੇ ਉੱਤੇ ਟਿੱਕਟੌਕ ਹੈ। ਸਭ ਤੋਂ ਜ਼ਿਆਦਾ ਵਾਰ ਡਾਊਨਲੋਡ ਕੀਤੇ ਗਏ ਐਪ ਵਿੱਚ 2 ਅਮਰੀਕੀ, 2 ਚੀਨੀ ਤੇ 1 ਫ੍ਰੈਂਚ ਹੈ। ਇਸੇ ਤਰ੍ਹਾਂ ਦੁਨੀਆ ਦੀਆਂ ਚੋਟੀ ਦੀਆ 20 ਕੰਪਨੀਆਂ ਵਿੱਚ 5 ਅਮਰੀਕੀ, 5 ਚੀਨੀ ਕੰਪਨੀਆਂ ਹਨ। ਜਦ ਕਿ ਬਾਕੀ 10 ਕੰਪਨੀਆਂ ਫ਼ਰਾਂਸ, ਬੇਲਾਰੂਸ, ਇਜ਼ਰਾਈਲ, ਜਰਮਨੀ, ਬ੍ਰਿਟੇਨ, ਸਵਿਟਜ਼ਰਲੈਂਡ ਤੇ ਤੁਰਕੀ ਜਿਹੇ ਦੇਸ਼ਾਂ ਦੀਆਂ ਹਨ। ਇਨ੍ਹਾਂ ਅੰਕੜਿਆਂ ਤੋਂ ਇਹ ਸਪਸ਼ਟ ਹੈ ਕਿ ਦੁਨੀਆ ਵਿੱਚ ਐਪ ਯੂਜ਼ਰਸ ਦੇ ਤੌਰ ਉੱਤੇ ਸਭ ਤੋਂ ਵੱਡੀ ਸੰਖਿਆ ਭਾਰਤੀਆਂ ਦੀ ਹੀ ਹੈ ਪਰ ਫਿਰ ਵੀ ਦੁਨੀਆ ਦੀਆਂ ਚੋਟੀ ਦੀਆਂ 20 ਕੰਪਨੀਆਂ ਵਿੱਚ ਕਿਸੇ ਭਾਰਤੀ ਕੰਪਨੀ ਦਾ ਨਾਮ ਨਹੀਂ ਹੈ। ਮੋਬਾਈਲ ਇੰਟੈਲੀਜੈਂਸ ਫ਼ਰਮ ਸੈਂਸਰ ਟਾਵਰ ਦੀ ਇੱਕ ਰਿਪੋਰਟ ਦੇ ਅਨੁਸਾਰ ਦੁਨੀਆ ਵਿੱਚ ਸਭ ਤੋਂ ਜ਼ਿਆਦਾ ਗੇਮਸ, ਫ਼ੋਟੋ ਤੇ ਵੀਡੀਓ, ਫ਼ਾਈਲ ਟ੍ਰਾਂਸਫ਼ਰ ਤੋਂ ਇਲਾਵਾ ਸੋਸ਼ਲ ਤੇ ਕਮਿਊਨੀਕੇਸ਼ਨ ਐਪਸ ਡਾਊਨਲੋਡ ਕੀਤੇ ਜਾਂਦੇ ਹਨ।



# ਵਿਸਤਾਰਵਾਦ ਨਹੀਂ, ਹੁਣ ਵਿਕਾਸਵਾਦ ਦਾ ਯੁਗ

**ਸਰਹੱਦੀ ਵਿਵਾਦ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅਚਾਨਕ ਲੇਹ-ਲੱਦਾਖ ਦਾ ਦੌਰਾ ਕਰਕੇ ਸੈਨਾ ਦੀ ਹੌਸਲਾ-ਅਫ਼ਜ਼ਾਈ ਕੀਤੀ ਅਤੇ ਕਿਸੇ ਦੇਸ਼ ਦਾ ਨਾਮ ਲਏ ਬਿਨਾ ਸ਼ਾਂਤੀ ਪ੍ਰਤੀ ਭਾਰਤ ਦੀ ਪ੍ਰਤੀਬੱਧਤਾ ਨੂੰ ਕਮਜ਼ੋਰੀ ਨਾ ਸਮਝਣ ਦਾ ਦੋ-ਹਰਫ਼ੀ ਸੰਦੇਸ਼ ਵੀ ਦੇ ਦਿੱਤਾ। ਜਿਸ ਦੇ ਪਖਵਾੜੇ ਭਰ ਬਾਅਦ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀ ਲੱਦਾਖ ਸਮੇਤ ਪੂਰੇ ਜੰਮੂ-ਕਸ਼ਮੀਰ ਦੀ ਯਾਤਰਾ ਕਰਕੇ ਸੈਨਾ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਤਾਂ ਇੱਕ ਇੰਚ ਵੀ ਜ਼ਮੀਨ ਛੂਹਣ ਵਾਲਿਆਂ ਨੂੰ ਮੂੰਹਤੋੜ ਜਵਾਬ ਦੇਣ ਦੀ ਚੇਤਾਵਨੀ ਵੀ ਦਿੱਤੀ**

ਮਿਤੀ 3 ਜੁਲਾਈ, ਕਰੀਬ 11 ਹਜ਼ਾਰ ਫ਼ੁੱਟ ਦੀ ਉਚਾਈ ਉੱਤੇ ਸਥਿਤ ਲੇਹ ਹਵਾਈ ਅੱਡੇ ਉੱਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਉਤਰੇ, ਤਾਂ ਦੇਸ਼ ਵਿੱਚ ਹਰ ਕੋਈ ਹੈਰਾਨ ਹੋ ਗਿਆ ਸੀ। ਅਜਿਹੀ ਥਾਂ ਜਿੱਥੋਂ ਦੀ ਭੂਗੋਲਿਕ ਸਥਿਤੀ ਦੇਸ਼ ਦੇ ਹੋਰ ਹਿੱਸਿਆਂ ਤੋਂ ਵੱਖਰੀ ਹੈ ਅਤੇ ਉਚਾਈ ਵੱਧ ਹੋਣ ਕਾਰਨ ਆਕਸੀਜਨ ਬਹੁਤ ਘੱਟ ਹੋ ਜਾਂਦੀ ਹੈ। ਅਜਿਹੇ ਸਮੇਂ ਉੱਥੇ ਜਾਣ ਵਾਲੇ ਉੱਥੇ ਦੇ ਵਾਤਾਵਰਣ ਵਿੱਚ ਢ਼ਲ ਨਹੀਂ ਪਾਉਂਦੇ ਹਨ, ਇਸ ਲਈ ਉਨ੍ਹਾਂ ਨੂੰ ਇੱਕ ਦਿਨ ਅਰਾਮ ਕਰਨ ਲਈ ਕਿਹਾ ਜਾਂਦਾ ਹੈ। ਲੇਕਿਨ ਪ੍ਰਧਾਨ ਮੰਤਰੀ ਮੋਦੀ ਸਵੇਰੇ ਪੁੱਜ ਕੇ ਸਿੱਧੇ ਨਿਮੂ ਪੁੱਜੇ ਤੇ ਜਵਾਨਾਂ ਨੂੰ ਮਿਲ ਕੇ ਦੁਪਹਿਰ ਨੂੰ ਹੀ ਉੱਥੋਂ ਦਿੱਲੀ ਲਈ ਉਡਾਣ ਭਰ ਚੁੱਕੇ ਸਨ। ਇਸ ਦੌਰਾਨ ਉਨ੍ਹਾਂ ਦੇ ਚਿਹਰੇ ਉੱਤੇ ਕੋਈ ਥਕਾਵਟ ਨਹੀਂ ਸੀ, ਬਲਕਿ ਜੋਸ਼ ਅਤੇ ਉਤਸ਼ਾਹ ਨਾਲ ਭਰਪੂਰ ਪ੍ਰਧਾਨ ਮੰਤਰੀ ਨੇ ਭਾਰਤ ਦੇ ਮਜ਼ਬੂਤ ਇਰਾਦਿਆਂ ਦਾ ਸੰਦੇਸ਼ ਦਿੱਤਾ। ਇਸ ਦੌਰੇ ਦੌਰਾਨ ਉਹ ਜ਼ਖ਼ਮੀ ਜਵਾਨਾਂ ਨੂੰ ਵੀ ਮਿਲੇ ਤੇ ਇਸ ਯਾਤਰਾ ਬਾਰੇ ਕਿਹਾ, "ਮੈਂ ਅੱਜ ਸਿਰਫ਼ ਤੇ ਸਿਰਫ਼ ਤੁਹਾਨੂੰ ਪ੍ਰਣਾਮ ਕਰਨ ਲਈ ਆਇਆ ਹਾਂ। ਤੁਹਾਨੂੰ ਛੂਹ ਕੇ, ਤੁਹਾਨੂੰ ਦੇਖ ਕੇ ਇੱਕ ਊਰਜਾ ਲੈ ਕੇ ਜਾ ਰਿਹਾ ਹਾਂ, ਇੱਕ ਪ੍ਰੇਰਣਾ ਲੈ ਕੇ ਜਾ ਰਿਹਾ ਹਾਂ। ਅਤੇ ਸਾਡਾ ਭਾਰਤ ਆਤਮਨਿਰਭਰ ਬਣੇ, ਦੁਨੀਆ ਦੀ ਕਿਸੇ ਵੀ ਤਾਕਤ ਸਾਹਮਣੇ ਨਾ ਕਦੇ ਝੁਕੇ ਹਾਂ, ਨਾ ਕਦੇ ਝੁਕਾਂਗੇ।"

**ਉਨ੍ਹਾਂ ਦੇ ਸੰਬੋਧਨ ਦੇ ਪ੍ਰਮੁੱਖ ਬਿੰਦੂਆਂ ਉਤੇ ਇੱਕ ਨਜ਼ਰ:**

# ਬੁਨਿਆਦੀ ਢਾਂਚੇ ਦੇ ਵਿਕਾਸ ਨਾਲ ਸੁਰੱਖਿਅਤ ਸਰਹੱਦ

1962 ਦੇ ਮਾਨਸਿਕ ਦਬਾਅ 'ਚੋਂ ਬਾਹਰ ਨਿਕਲ ਕੇ ਕਿਸੇ ਵੀ ਦੇਸ਼ ਨੂੰ ਮਾਕੂਲ ਜਵਾਬ ਦੇਣ ਦੇ ਅਜਿੱਤ ਸਾਹਸ ਦਾ ਸਬੂਤ ਸੈਨਾ ਨੇ ਦਿੱਤਾ, ਤਾਂ ਉਸ ਦਾ ਵੱਡਾ ਕਾਰਨ ਪਿਛਲੇ ਕੁਝ ਸਾਲਾਂ ਦੌਰਾਨ ਮੋਦੀ ਸਰਕਾਰ ਦੁਆਰਾ ਵਾਤਾਵਰਣ ਪ੍ਰਵਾਨਗੀ ਦੀ ਰੁਕਾਵਟ ਨੂੰ ਮਿਲਟਰੀ ਪ੍ਰੋਜੈਕਟ ਵਿੱਚ ਸਹਿਜ ਬਣਾਉਣਾ ਰਿਹਾ ਹੈ। ਪ੍ਰਧਾਨ ਮੰਤਰੀ ਨੇ ਵੀ ਕਿਹਾ ਕਿ ਸੈਨਾਵਾਂ ਲਈ ਆਧੁਨਿਕ ਹਥਿਆਰ ਹੋਣ ਜਾਂ ਤੁਹਾਡੇ ਲਈ ਜ਼ਰੂਰੀ ਸਾਜ਼ੋ-ਸਮਾਨ, ਇਨ੍ਹਾਂ ਸਾਰਿਆਂ ਉੱਤੇ ਅਸੀਂ ਬਹੁਤ ਧਿਆਨ ਦਿੰਦੇ ਰਹੇ ਹਾਂ। ਹੁਣ ਦੇਸ਼ 'ਚ ਸਰਹੱਦੀ ਬੁਨਿਆਦੀ ਢਾਂਚੇ 'ਤੇ ਹੋਣ ਵਾਲਾ ਖ਼ਰਚ ਕਰੀਬ-ਕਰੀਬ ਤਿੰਨ ਗੁਣਾ ਕਰ ਦਿੱਤਾ ਗਿਆ ਹੈ। ਇਸ ਨਾਲ ਸਰਹੱਦੀ ਇਲਾਕੇ ਦੇ ਵਿਕਾਸ ਤੇ ਸਰਹੱਦ ਉੱਤੇ ਸੜਕਾਂ, ਪੁਲ਼ ਬਣਾਉਣ ਦਾ ਕੰਮ ਵੀ ਬਹੁਤ ਤੇਜ਼ੀ ਨਾਲ ਹੋਇਆ ਹੈ।

**ਬਾਰਡਰ ਰੋਡ:** 2008-14 ਦੌਰਾਨ 3600 ਕਿਲੋਮੀਟਰ ਸੜਕਾਂ ਬਣੀਆਂ ਤਾਂ ਮੋਦੀ ਰਾਜ ਦੇ ਛੇ ਸਾਲਾਂ ਵਿੱਚ 4800 ਕਿਲੋਮੀਟਰ

**ਕਨੈਕਟੀਵਿਟੀ** ਲਈ ਬੀਆਰਓ ਨੇ ਸਰਹੱਦੀ ਖੇਤਰ ਵਿੱਚ 30% ਜ਼ਿਆਦਾ ਕੰਮ ਇਸ ਸਾਲ ਪੂਰੇ ਕੀਤੇ

**ਪੁਲ਼ ਦਾ ਨਿਰਮਾਣ:** ਪਹਿਲਾਂ 7200 ਮੀਟਰ ਤੇ ਐੱਨਡੀਏ ਦੇ ਸ਼ਾਸਨ 'ਚ 14000 ਮੀਟਰ ਅਤਿਰਿਕਤ ਪੁਲ਼ ਬਣੇ

**ਸੁਰੰਗ ਦਾ ਨਿਰਮਾਣ:** ਪਹਿਲਾਂ 1 ਬਣੀ ਤੇ ਹੁਣ ਐੱਨਡੀਏ ਸ਼ਾਸਨ ਵਿੱਚ 6 ਦਾ ਕੰਮ ਦਾ ਪੂਰਾ ਤੇ 19 ਉੱਤੇ ਕੰਮ ਚਲ ਰਿਹਾ।

**ਸੜਕਾਂ ਪੱਕੀਆਂ ਕਰਨਾ:** ਪਹਿਲਾਂ 140 ਕਿਲੋਮੀਟਰ ਸਲਾਨਾ ਅਤੇ ਹੁਣ ਐੱਨਡੀਏ ਸ਼ਾਸਨ ਵਿੱਚ 380 ਕਿਲੋਮੀਟਰ ਸਲਾਨਾ ਰਫ਼ਤਾਰ।

**ਸੈਨਾਵਾਂ** ਦੀਆਂ ਦੂਜੀਆਂ ਜ਼ਰੂਰਤਾਂ, ਜਿਵੇਂ ਜੰਗੀ ਹਵਾਈ-ਜਹਾਜ਼, ਹੈਲੀਕੌਪਟਰ, ਮਿਸਾਈਲ ਡਿਫ਼ੈਂਸ ਸਿਸਟਮ ਆਦਿ ਉੱਤੇ ਵੀ ਬਹੁਤ ਜ਼ੋਰ ਦਿੱਤਾ ਗਿਆ ਹੈ।

## ਭਾਰਤ ਦੀ ਇੱਕ ਇੰਚ ਜ਼ਮੀਨ ਵੀ ਦੁਨੀਆ ਦੀ ਕੋਈ ਤਾਕਤ ਛੂਹ ਨਹੀਂ ਸਕਦੀ: ਰਾਜਨਾਥ ਸਿੰਘ

ਪ੍ਰਧਾਨ ਮੰਤਰੀ ਦੇ ਦੌਰੇ ਤੋਂ ਇੱਕ ਪਖਵਾੜੇ ਭਰ ਬਾਅਦ ਦੇਸ਼ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀ ਲੇਹ-ਲੱਦਾਖ ਸਮੇਤ ਜੰਮੂ-ਕਸ਼ਮੀਰ ਦਾ ਦੌਰਾ ਕਰਕੇ ਸੀਮਾ ਉੱਤੇ ਸੈਨਾ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਤੇ ਉਹ ਬਾਬਾ ਬਰਫ਼ਾਨੀ ਦੇ ਦਰਸ਼ਨ ਕਰਨ ਸ੍ਰੀ ਅਮਰਨਾਥ ਗੁਫ਼ਾ ਵੀ ਗਏ। ਆਪਣੇ ਇਸ ਦੌਰੇ ਵਿੱਚ ਰੱਖਿਆ ਮੰਤਰੀ ਨੇ ਕਿਹਾ:

ਸਵੈਮਾਣ ਦੀ ਭਾਵਨਾ ਤੁਹਾਡੇ ਸਭ ਦੇ ਅੰਦਰ ਹੈ। ਤੁਸੀਂ ਸਭ ਕੁਝ ਬਰਦਾਸ਼ਤ ਕਰ ਸਕਦੇ ਹੋ ਪਰ ਸਵੈਮਾਣ ਨੂੰ ਠੇਸ ਬਰਦਾਸ਼ਤ ਨਹੀਂ ਕਰ ਸਕਦੇ। ਸਭ ਤੋਂ ਉੱਤੇ ਰਾਸ਼ਟਰ ਦਾ ਸਵੈਮਾਣ ਹੁੰਦਾ ਹੈ।

ਇਤਨਾ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਭਾਰਤ ਦੀ ਇੱਕ ਇੰਚ ਜ਼ਮੀਨ ਨੂੰ ਵੀ ਦੁਨੀਆ ਦੀ ਕੋਈ ਤਾਕਤ ਛੂਹ ਨਹੀਂ ਸਕਦੀ, ਉਸ ਉੱਤੇ ਕਬਜ਼ਾ ਨਹੀਂ ਕਰ ਸਕਦੀ ਹੈ। ਹੁਣ ਸਾਡਾ ਕਮਜ਼ੋਰ ਭਾਰਤ ਨਹੀਂ, ਅੱਜ ਨਰੇਂਦਰ ਮੋਦੀ ਜਿਹੀ ਮਜ਼ਬੂਤ ਲੀਡਰਸ਼ਿਪ ਹੈ। ਸਾਡੇ ਸਵੈਮਾਣ ਨੂੰ ਕੋਈ ਠੇਸ ਨਹੀਂ ਪਹੁੰਚਾ ਸਕਦਾ, ਇਹ ਸਾਡੀ ਪੂੰਜੀ ਹੈ।



ਰੱਖਿਆ ਮੰਤਰੀ ਦਾ ਪੂਰਾ ਸੰਬੋਧਨ ਸੁਣਨ ਲਈ QR ਕੋਡ ਸਕੈਨ ਕਰੋ

- ਵੀਰ ਭੋਗਯਾ ਵਸੁੰਧਰਾ, ਯਾਨੀ ਵੀਰ ਆਪਣੇ ਸ਼ਸਤਰ ਦੀ ਤਾਕਤ ਨਾਲ ਹੀ ਮਾਤ੍ਰਭੂਮੀ ਦੀ ਰੱਖਿਆ ਕਰਦੇ ਹਨ, ਇਹ ਧਰਤੀ ਵੀਰ ਭੋਗਯਾ ਹੈ, ਇਸ ਦੀ ਰੱਖਿਆ-ਸੁਰੱਖਿਆ ਲਈ ਸਾਡੀ ਸਮਰੱਥਾ ਅਤੇ ਸੰਕਲਪ ਹਿਮਾਲਿਆ ਜਿਹਾ ਉੱਚਾ ਹੈ। ਇਹ ਸਮਰੱਥਾ ਅਤੇ ਸੰਕਲਪ ਮੈਂ ਅੱਜ ਤੁਹਾਡੀਆਂ ਅੱਖਾਂ ਉੱਤੇ, ਚਿਹਰੇ ਉੱਤੇ ਦੇਖ ਸਕਦਾ ਹਾਂ।
- ਤੁਸੀਂ ਉਸੇ ਧਰਤੀ ਦੇ ਵੀਰ ਹੋ, ਜਿਸ ਨੇ ਹਜ਼ਾਰਾਂ ਸਾਲਾਂ ਤੋਂ ਅਨੇਕਾਂ ਧਾੜਵੀਆਂ ਦੇ ਹਮਲਿਆਂ ਦਾ ਮੂੰਹਤੋੜ ਜਵਾਬ ਦਿੱਤਾ ਹੈ, ਅਸੀਂ ਉਹ ਹਾਂ, ਜੋ ਬਾਂਸੁਰੀਧਾਰੀ ਕ੍ਰਿਸ਼ਨ ਦੀ ਪੂਜਾ ਕਰਦੇ ਹਾਂ, ਉੱਥੇ ਹੀ ਸੁਦਰਸ਼ਨ ਚੱਕਰਧਾਰੀ ਕ੍ਰਿਸ਼ਨ ਨੂੰ ਵੀ ਆਪਣਾ ਆਦਰਸ਼ ਮੰਨਦੇ ਹਾਂ।
- 4 ਕੋਰ ਦੀ ਜਾਂਬਾਜ਼ੀ ਦੇ ਕਿੱਸੇ ਹਰ ਤਰਫ ਹਨ, ਦੁਨੀਆ ਨੇ ਤੁਹਾਡਾ ਅਥਾਹ ਸਾਹਸ ਦੇਖਿਆ ਹੈ, ਤੁਹਾਡੀਆਂ ਸ਼ੌਰਿਆ ਗਾਥਾਵਾਂ ਘਰ-ਘਰ ਵਿੱਚ ਗੂੰਜ ਰਹੀਆਂ ਹਨ, ਭਾਰਤ ਦੇ ਦੁਸ਼ਮਣਾਂ ਨੇ ਤੁਹਾਡੀ ਫ਼ਾਇਰ ਵੀ ਦੇਖੀ ਹੈ ਅਤੇ ਤੁਹਾਡੀ ਫ਼ਿਊਰੀ ਵੀ।
- ਕਮਜ਼ੋਰ ਸ਼ਾਂਤੀ ਦੀ ਪਹਿਲ ਨਹੀਂ ਕਰ ਸਕਦੇ।- ਵੀਰਤਾ ਹੀ ਸ਼ਾਂਤੀ ਦੀ ਅਗਾਊਂ ਸ਼ਰਤ ਹੁੰਦੀ ਹੈ।ਭਾਰਤ ਅੱਜ ਜਲ, ਥਲ, ਨਭ ਤੇ ਪੁਲਾੜ ਤੱਕ ਜੇ ਆਪਣੀ ਤਾਕਤ ਵਧਾ ਰਿਹਾ ਹੈ, ਤਾਂ ਉਸ ਦੇ ਪਿੱਛੇ ਦਾ ਟੀਚਾ ਮਾਨਵ ਭਲਾਈ ਹੀ ਹੈ।
- ਵਿਸਤਾਰਵਾਦ ਦਾ ਯੁਗ ਸਮਾਪਤ ਹੋ ਚੁੱਕਾ ਹੈ। ਇਹ ਯੁਗ ਵਿਕਾਸਵਾਦ ਦਾ ਹੈ। ਤੇਜ਼ੀ ਨਾਲ ਬਦਲਦੇ ਹੋਏ ਸਮੇਂ ਵਿੱਚ ਵਿਕਾਸਵਾਦ ਹੀ ਪ੍ਰਾਸੰਗਿਕ ਹੈ। ਵਿਕਾਸਵਾਦ ਲਈ ਹੀ ਅਵਸਰ ਹਨ ਤੇ ਵਿਕਾਸਵਾਦ ਹੀ ਭਵਿੱਖ ਦਾ ਅਧਾਰ ਵੀ ਹੈ।
- ਇਹ ਨਾ ਭੁੱਲੋ, ਇਤਿਹਾਸ ਗਵਾਹ ਹੈ ਕਿ ਅਜਿਹੀਆਂ ਤਾਕਤਾਂ ਮਿਟ ਗਈਆਂ ਹਨ ਜਾਂ ਮੁੜਨ ਲਈ ਮਜਬੂਰ ਹੋ ਗਈਆਂ ਹਨ। ਵਿਸ਼ਵ ਦਾ ਹਮੇਸ਼ਾ ਇਹੋ ਅਨੁਭਵ ਰਿਹਾ ਹੈ ਅਤੇ ਹੁਣ ਇਸ ਵਾਰ ਫਿਰ ਤੋਂ ਸਮੁੱਚੇ ਵਿਸ਼ਵ ਨੇ ਵਿਸਤਾਰਵਾਦ ਖ਼ਿਲਾਫ਼ ਆਪਣਾ ਮਨ ਬਣਾ ਲਿਆ ਹੈ। ਅੱਜ ਵਿਸ਼ਵ ਵਿਕਾਸਵਾਦ ਨੂੰ ਸਮਰਪਿਤ ਹੈ ਤੇ ਵਿਕਾਸ ਦੇ ਖੁੱਲ੍ਹੇ ਮੁਕਾਬਲੇ ਦਾ ਸੁਆਗਤ ਕਰ ਰਿਹਾ ਹੈ।

ਪ੍ਰਧਾਨ ਮੰਤਰੀ ਦਾ ਪੂਰਾ ਸੰਬੋਧਨ ਸੁਣਨ ਲਈ QR ਕੋਡ ਸਕੈਨ ਕਰੋ


# ਗਲੋਬਲ ਨੌਲਿਜ ਸੁਪਰ
# ਵੱਲ ਵਧਦੇ ਭਾਰਤ ਦੇ



**"ਮਹਾਮਾਰੀ ਦੇ ਦੌਰ ਵਿੱਚ ਕਦਮ ਨਾ ਠਿਟਕੇ", ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸੇ ਮੰਤਰ ਨਾਲ ਕੋਰੋਨਾ ਰਣਨੀਤੀ ਬਣਾਈ ਤਾਂ ਜਾਨ ਅਤੇ ਜਹਾਨ ਦੀ ਫ਼ਿਕਰ ਦੇ ਨਾਲ-ਨਾਲ ਦੇਸ਼ ਦੀ ਰਫ਼ਤਾਰ ਨੂੰ ਰੁਕਣ ਨਹੀਂ ਦਿੱਤਾ। ਹੁਣ ਬਣਾਉਣ ਦੀ ਮੁਹਿੰਮ ਤਹਿਤ ਲੌਕਡਾਊਨ ਦੌਰਾਨ ਹੀ ਪ੍ਰਧਾਨ ਮੰਤਰੀ ਨੇ ਸਿੱਖਿਆ ਦੇ ਖੇਤਰ ਵਿੱਚ ਫ਼ੈਸਲਾਕੁੰਨ ਕਦਮ ਗਿਆਨ ਤੇ ਹੁਨਰ ਨਾਲ ਲੈਸ ਕਰਨ ਲਈ ਆਜ਼ਾਦ ਭਾਰਤ ਦੀ ਨਵੀਂ ਸਿੱਖਿਆ ਨੀਤੀ ਨੂੰ ਸਮੁੱਚੇ ਤੌਰ 'ਤੇ ਕੀਤਾ ਸਾਕਾਰ। ਦੇਸ਼ ਵਿੱਚ ਸਭ ਨੂੰ ਸਮਾਨ ਸਿੱਖਿਆ...**

# ਜ ਪਾਵਰ

# ਕਦਮ



ਜਿਹੀ ਆਲਮੀ ਮਹਾਮਾਰੀ ਨਾਲ ਮੁਕਾਬਲੇ ਦੀ
ਸਿੱਖਿਆ ਵਿੱਚ ਵੀ ਭਾਰਤ ਨੂੰ ਆਤਮਨਿਰਭਰ
ਵਧਾ ਕੇ 36 ਕਰੋੜ ਵਿਦਿਆਰਥੀਆਂ ਨੂੰ
ਹੁਣ ਨਿਜੀ ਹੋਵੇ ਜਾਂ ਸਰਕਾਰੀ ਸੰਸਥਾਨ,

ਸਾਲ 2014 'ਚ ਦੇਸ਼ ਦੀ ਰਾਜਨੀਤੀ ਨੇ ਕਰਵਟ ਲਈ ਤੇ ਦੇਸ਼ ਦੀਆਂ ਉਮੀਦਾਂ ਵੀ ਵਧੀਆਂ ਅਤੇ ਮੌਜੂਦਾ ਸਰਕਾਰ ਨੇ ਉਸ ਨੂੰ ਦਹਾਕਿਆਂ ਤੱਕ ਲਟਕਾਉਣ-ਅਟਕਾਉਣ ਦੀ ਨੀਤੀ ਨੂੰ ਲਾਂਭੇ ਕਰ ਕੇ ਅਹਿਮ ਫ਼ੈਸਲੇ ਲੈਣੇ ਸ਼ੁਰੂ ਕੀਤੇ। ਜਿਸ ਦਾ ਨਤੀਜਾ ਹੈ ਕਿ ਨਰੇਂਦਰ ਮੋਦੀ ਸਰਕਾਰ ਦੇ ਛੇ ਸਾਲਾਂ ਵਿੱਚ ਹੀ ਅਜਿਹੀ ਸਮੁੱਚੀ ਨਵੀਂ ਸਿੱਖਿਆ ਨੀਤੀ ਨੇ ਆਕਾਰ ਲੈ ਲਿਆ, ਜਿਸ ਦਾ ਸੁਆਗਤ ਬੌਧਿਕ ਜਗਤ ਹੀ ਨਹੀਂ, ਆਮ ਲੋਕ ਵੀ ਕਰ ਰਹੇ ਹਨ। ਲੇਕਿਨ ਘੱਟ ਲੋਕ ਹੀ ਜਾਣਦੇ ਹੋਣਗੇ ਕਿ ਲੌਕਡਾਊਨ-2 ਦੇ ਪੂਰਾ ਹੋਣ ਤੋਂ ਦੋ ਦਿਨ ਪਹਿਲਾਂ (1 ਮਈ) ਹੀ ਪ੍ਰਧਾਨ ਮੰਤਰੀ ਨੇ ਨਵੀਂ ਸਿੱਖਿਆ ਨੀਤੀ ਵਿੱਚ ਆਈਟੀ ਦੀ ਵਰਤੋਂ ਅਤੇ ਸਭ ਨੂੰ ਸਹਿਜ ਗੁਣਵੱਤਾਪੂਰਨ ਸਿੱਖਿਆ ਦਾ ਖ਼ਾਕਾ ਤਿਆਰ ਕਰ ਲਿਆ ਸੀ। ਇਸ ਬੈਠਕ ਵਿੱਚ ਪ੍ਰਧਾਨ ਮੰਤਰੀ ਨੇ ਦੋ-ਹਰਫ਼ੀ ਆਖ ਦਿੱਤਾ ਸੀ ਕਿ ਭਾਰਤ ਨੂੰ 'ਗਲੋਬਲ ਨੌਲੇਜ ਸੁਪਰ ਪਾਵਰ' ਬਣਾਉਣਾ ਹੈ। ਹੁਣ ਜਦੋਂ ਨਵੀਂ ਨੀਤੀ ਨੂੰ ਕੇਂਦਰੀ ਕੈਬਨਿਟ ਨੇ 29 ਜੁਲਾਈ ਨੂੰ ਮਨਜ਼ੂਰੀ ਦਿੱਤੀ, ਤਾਂ ਸਿੱਖਿਆ ਵਿੱਚ ਸੁਧਾਰ ਨੂੰ ਨਵੇਂ ਖੰਭ ਮਿਲ ਗਏ ਹਨ। ਇਸ ਨੀਤੀ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਸਭ ਲਈ ਅਸਾਨ ਪਹੁੰਚ, ਸਮਾਨਤਾ, ਗੁਣਵੱਤਾ, ਸਸਤੀ-ਸੁਲਭ ਅਤੇ ਜਵਾਬਦੇਹੀ ਦੇ ਬੁਨਿਆਦੀ ਥੰਮ੍ਹਾਂ ਉੱਤੇ ਤਿਆਰ ਕੀਤੀ ਇਹ ਨਵੀਂ ਸਿੱਖਿਆ ਨੀਤੀ ਐੱਸਡੀਜੀ 2030 ਦੇ ਅਨੁਕੂਲ ਹੈ ਤੇ ਇਸ ਦਾ ਉਦੇਸ਼ 21ਵੀਂ ਸਦੀ ਦੀਆਂ ਜ਼ਰੂਰਤਾਂ ਦੇ ਅਨੁਕੂਲ ਸਕੂਲ ਅਤੇ ਕਾਲਜ ਦੀ ਸਿੱਖਿਆ ਨੂੰ ਅਧਿਕ ਸਮੁੱਚਾ, ਲਚਕਦਾਰ ਬਣਾਉਣਾ ਹੈ, ਤਾਂ ਜੋ ਭਾਰਤ ਨੂੰ ਇੱਕ ਗਿਆਨ ਅਧਾਰਿਤ ਜੀਵੰਤ ਸਮਾਜ ਤੇ ਗਿਆਨ ਦੀ ਆਲਮੀ ਮਹਾਸ਼ਕਤੀ ਵਿੱਚ ਬਦਲ ਕੇ ਅਦੁੱਤੀ ਸਮਰੱਥਾਵਾਂ ਨੂੰ ਵਿਕਸਿਤ ਕੀਤਾ ਜਾ ਸਕੇ। ਇਹੀ ਨਹੀਂ, ਮਾਨਵ ਸੰਸਾਧਨ ਵਿਕਾਸ ਮੰਤਰਾਲਾ ਵੀ ਹੁਣ ਸਿੱਖਿਆ ਮੰਤਰਾਲਾ ਅਖਵਾਏਗਾ।

## ਨਵੀਂ ਸਿੱਖਿਆ ਨੀਤੀ ਦੇ ਇਹ ਚਾਰ ਅਹਿਮ ਉਦੇਸ਼

1. ਮਾਤ੍ਰਭਾਸ਼ਾ ਅਤੇ ਹੋਰ ਭਾਰਤੀ ਭਾਸ਼ਾਵਾਂ ਨੂੰ ਹੁਲਾਰਾ।
2. ਪੜ੍ਹਾਈ ਵਿੱਚ ਤਕਨੀਕੀ ਨੂੰ ਹੁਲਾਰਾ ਦੇਣਾ।
3. ਕੌਸ਼ਲ ਵਿਕਾਸ ਨੂੰ ਪੜ੍ਹਾਈ ਨਾਲ ਜੋੜਨਾ।
4. ਸਿੱਖਿਆ ਪੱਧਤੀ ਨੂੰ ਖੋਜ ਅਧਾਰਿਤ ਬਣਾਉਣਾ।

- ਰਾਸ਼ਟਰੀ ਸਿੱਖਿਆ ਨੀਤੀ-2020 ਦੇ ਤਹਿਤ ਸਿੱਖਿਆ ਉੱਤੇ ਦੇਸ਼ ਦੀ ਜੀਡੀਪੀ ਦੇ 6% ਹਿੱਸੇ ਦੇ ਬਰਾਬਰ ਨਿਵੇਸ਼ ਦਾ ਟੀਚਾ ਰੱਖਿਆ ਹੈ। ਹਾਲੇ ਇਹ ਜੀਡੀਪੀ ਦਾ 4.43% ਹੈ।
- ਤਕਨੀਕੀ ਸਿੱਖਿਆ, ਭਾਸ਼ਾਈ ਅੜਿੱਕਿਆਂ ਨੂੰ ਦੂਰ ਕਰਨ, ਸਿੱਖਿਆ ਨੂੰ ਸਰਲ ਬਣਾਉਣ ਆਦਿ ਲਈ ਤਕਨੀਕੀ ਦੇ ਪ੍ਰਯੋਗ ਨੂੰ ਹੁਲਾਰਾ ਦੇਣ ਉੱਤੇ ਜ਼ੋਰ ਦਿੱਤਾ ਗਿਆ ਹੈ।
- ਇਸ ਸਿੱਖਿਆ ਨੀਤੀ ਵਿੱਚ ਵਿਦਿਆਰਥੀਆਂ ਵਿੱਚ ਰਚਨਾਤਮਕ ਸੋਚ, ਤਰਕਪੂਰਨ ਫ਼ੈਸਲੇ ਤੇ ਇਨੋਵੇਸ਼ਨ ਦੀ ਭਾਵਨਾ ਨੂੰ ਪ੍ਰੋਤਸਾਹਿਤ ਕਰਨ ਉੱਤੇ ਜ਼ੋਰ ਦਿੱਤਾ ਗਿਆ ਹੈ।

# ਰਾਸ਼ਟਰੀ ਸਿੱਖਿਆ ਨੀਤੀ ਦੇ ਨਵੇਂ

## ਸਕੂਲ ਸਿੱਖਿਆ ਮਿਡ ਡੇਅ ਮੀਲ ਤੋਂ ਪਹਿਲਾਂ ਹੁਣ ਬ੍ਰੈਕਫਾਸਟ ਵੀ ਮਿਲੇਗਾ

### ● ਪਾਠਕ੍ਰਮ ਵਿੱਚ ਬਦਲਾਅ


ਸਕੂਲੀ ਸਿੱਖਿਆ ਦਾ 15 ਅਤੇ ਟੀਚਰ ਐਜੂਕੇਸ਼ਨ ਦਾ 11 ਸਾਲ ਪੁਰਾਣਾ ਪਾਠਕ੍ਰਮ ਬਦਲੇਗਾ। ਪ੍ਰੀ-ਸਕੂਲ ਦਾ ਪਾਠਕ੍ਰਮ ਵੀ ਜੁੜੇਗਾ। ਕਸਤੂਰਬਾ ਵਿਦਿਆਲਾ ਹੁਣ 12ਵੀਂ ਤੱਕ ਹੋਣਗੇ।

### ● ਹੁਣ ਨਾਸ਼ਤਾ ਵੀ

ਪ੍ਰੀ-ਪ੍ਰਾਇਮਰੀ ਅਤੇ ਪ੍ਰਾਇਮਰੀ ਵਿੱਚ ਬੱਚਿਆਂ ਨੂੰ ਹੋਰ ਦਿਮਾਗੀ ਪੋਸ਼ਣ ਦੇਣ ਦੇ ਲਈ ਮਿਡ ਡੇਅ ਮੀਤ ਤੋਂ ਪਹਿਲਾਂ ਬ੍ਰੇਕਫਾਸਟ ਦੀ ਵਿਵਸਥਾ ਕੀਤੀ ਜਾਵੇਗੀ। ਇਸ ਵਿੱਚ ਪੋਸ਼ਕ ਆਹਾਰ ਜਿਵੇਂ ਅੰਡੇ ਜਾਂ ਫ਼ਲ, ਡਰਾਈ ਫਰੂਟ ਮਿਲਣਗੇ।

### ● ਪਲੇਅ ਸਕੂਲ ਦੀ ਧਾਰਨਾ

10+2 ਦੀ ਜਗ੍ਹਾ ਹੁਣ 5+3+3+4 ਸਿਸਟਮ, ਨਵਾਂ ਸਿਸਟਮ-ਕ੍ਰਮਵਾਰ 3-8, 8-11, 11-14 ਅਤੇ 14-18 ਸਾਲ ਦੇ ਬੱਚਿਆਂ ਲਈ ਹੈ। 3 ਤੋਂ 6 ਸਾਲ ਦੇ ਬੱਚਿਆਂ ਨੂੰ ਸਕੂਲੀ ਪਾਠਕ੍ਰਮ ਦੇ ਤਹਿਤ ਲਿਆਂਦਾ ਜਾਵੇਗਾ। ਇਸ ਵਿੱਚ 3 ਸਾਲ ਦੀ ਆਂਗਨਵਾੜੀ/ਪ੍ਰੀ-ਸਕੂਲਿੰਗ ਦੇ ਨਾਲ 12 ਸਾਲ ਦੀ ਸਿੱਖਿਆ ਹੋਵੇਗੀ।




### ● ਮਾਤ੍ਰਭਾਸ਼ਾ ਨੂੰ ਮਹੱਤਵ

5ਵੀਂ ਤੱਕ ਮਾਤ੍ਰਭਾਸ਼ਾ ਅਤੇ ਖੇਤਰੀ ਭਾਸ਼ਾ ਵਿੱਚ ਸਿੱਖਿਆ ਮਿਲੇਗੀ। ਕੋਈ ਭਾਸ਼ਾ ਥੋਪੀ ਨਹੀਂ ਜਾਵੇਗੀ। ਪਾਠਕ੍ਰਮ ਵਿੱਚ ਸਿਰਫ਼ ਜ਼ਰੂਰੀ ਵਿਸ਼ੇ ਹੋਣਗੇ। ਪੂਰੇ ਦੇਸ਼ ਵਿੱਚ ਇੱਕ ਕਾਮਨ ਸਿਲੇਬਸ ਤਹਿਤ ਪੜ੍ਹਾਈ ਕਰਵਾਈ ਜਾਵੇਗੀ।

### ● ਕੋਡਿੰਗ ਸਿਖਾਈ ਜਾਵੇਗੀ

ਗਣਿਤ ਸਿਖਾਉਣ ਲਈ ਛੇਵੀਂ ਕਲਾਸ ਤੋਂ ਹੀ ਕੋਡਿੰਗ ਦੀ ਵਿਵਸਥਾ ਕੀਤੀ ਜਾਵੇਗੀ। ਸਕੂਲ ਸਿੱਖਿਆ ਲਈ ਇੱਕ ਨਵਾਂ ਅਤੇ ਵਿਆਪਕ ਰਾਸ਼ਟਰੀ ਪਾਠਕ੍ਰਮ ਫਰੇਮਵਰਕ, NCFSE 2020-21, NCERT ਦੁਆਰਾ ਵਿਕਸਿਤ ਕੀਤਾ ਜਾਵੇਗਾ। ਬੁਨਿਆਦੀ ਸਾਖਰਤਾ ਅਤੇ ਸੰਖਿਆਤਮਕ ਗਿਆਨ 'ਤੇ ਇੱਕ ਰਾਸ਼ਟਰੀ ਮਿਸ਼ਨ ਦੀ ਸਥਾਪਨਾ।

### ● ਵੋਕੇਸ਼ਨਲ ਕੋਰਸ

ਛੇਵੀਂ ਤੋਂ ਵੋਕੇਸ਼ਨਲ ਸਿੱਖਿਆ ਇੰਟਰਨਸ਼ਿਪ ਨਾਲ ਸ਼ੁਰੂ ਹੋਵੇਗੀ। ਛੇਵੀਂ ਕਲਾਸ ਵਿੱਚ ਹੀ ਵਿਸ਼ਿਆਂ ਦੀ ਇੰਟਰੋਡਕਸ਼ਨ ਕਰਵਾਈ ਜਾਵੇਗੀ।



### ● ਪਰੀਖਿਆ ਵਿੱਚ ਬਦਲਾਅ

ਕਲਾਸ 3, 5 ਤੇ 8 ਵਿੱਚ ਪਰੀਖਿਆਵਾਂ ਆਯੋਜਿਤ ਕੀਤੀਆਂ ਜਾਣਗੀਆਂ। 10ਵੀਂ ਅਤੇ 12ਵੀਂ ਵਿੱਚ ਬੋਰਡ ਪਰੀਖਿਆਵਾਂ ਸਮੈਸਟਰ ਸਿਸਟਮ ਦੇ ਤਹਿਤ ਵਿਕਲਪਿਕ ਅਤੇ ਵਿਆਖਿਆਤਮਕ ਹੋਣਗੀਆਂ ਤਾਕਿ ਮੁੱਲਾਂਕਣ ਗਿਆਨ ਅਧਾਰਿਤ ਹੋਵੇ, ਰਟਿਆ ਹੋਇਆ ਨਹੀਂ।

### ● ਏਆਈ ਦਾ ਪ੍ਰਯੋਗ

ਵਿਦਿਆਰਥੀਆਂ ਦਾ ਮੁੱਲਾਂਕਣ ਤਿੰਨ ਪੱਧਰ 'ਤੇ ਹੋਵੇਗਾ। ਪਹਿਲਾ-ਖੁਦ, ਦੂਸਰਾ-ਉਸ ਦੇ ਸਾਥੀ ਅਤੇ ਤੀਸਰਾ-ਅਧਿਆਪਕ ਕਰਨਗੇ। 12ਵੀਂ ਪਾਸ ਕਰਨ ਦੇ ਬਾਅਦ ਆਰਟੀਫਿਸ਼ਲ ਇੰਟੈਲੀਜੈਂਸ ਦੀ ਮਦਦ ਨਾਲ ਪੂਰਾ ਮੁੱਲਾਂਕਣ ਤਿਆਰ ਹੋਵਾਗਾ।

### ● ਸਾਰੇ ਵਿਸ਼ੇ ਸਮਾਨ

ਪਾਠਕ੍ਰਮ ਤੋਂ ਇਲਾਵਾ ਗਤੀਵਿਧੀ ਸੰਗੀਤ, ਪੀਟੀ ਜਿਹੇ ਵਿਕਲਪਿਕ ਵਿਸ਼ਿਆਂ ਨੂੰ ਮਹੱਤਵ ਦਿੱਤਾ ਜਾਵੇਗਾ। ਇਸ ਦਾ ਮਕਸਦ 3 ਤੋਂ 6 ਫੀਸਦੀ ਜੀਨੀਅਸ ਪ੍ਰਤਿਭਾ ਦੀ ਪਹਿਚਾਣ ਕਰਨਾ ਹੈ।

# ਪ੍ਰਾਵਧਾਨਾਂ ਨੂੰ ਇਵੇਂ ਸਮਝੋ...

## ਉਚੇਰੀ ਸਿੱਖਿਆ ਮਲਟੀਲੇਅਰ ਡਿਗਰੀ ਦੇ ਨਾਲ ਖੋਜ ਨੂੰ ਪ੍ਰੋਤਸਾਹਨ ਦੇਣਗੇ



### ● ਮਲਟੀ ਲੇਅਰ ਡਿਗਰੀ

ਗ੍ਰੈਜੁਏਸ਼ਨ ਨੂੰ ਪਹਿਲੀ ਵਾਰ ਮਲਟੀ ਲੇਅਰ ਬਣਾਇਆ ਗਿਆ ਹੈ। ਯਾਨੀ ਅਜਿਹੇ ਵਿਦਿਆਰਥੀ ਜੋ ਕਿਸੇ ਕਾਰਨ 1 ਜਾਂ 2 ਸਾਲ ਵਿੱਚ ਪੜ੍ਹਾਈ ਛੱਡ ਦਿੰਦੇ ਹਨ। ਉਨ੍ਹਾਂ ਨੂੰ ਵੀ ਮਾਨਤਾ ਮਿਲੇਗੀ। ਡਿਗਰੀ ਦਾ 1 ਸਾਲ ਕਰਨ 'ਤੇ ਸਰਟੀਫਿਕੇਟ, 2 ਸਾਲ ਵਿੱਚ ਡਿਪਲੋਮਾ, 3 ਸਾਲ ਵਿੱਚ ਡਿਗਰੀ ਅਤੇ 4 ਸਾਲ ਵਿੱਚ ਖੋਜ ਦੇ ਨਾਲ ਡਿਗਰੀ ਹਾਸਲ ਕੀਤੀ ਜਾ ਸਕੇਗੀ।

### ● ਭਾਰਤੀ ਭਾਸ਼ਾਵਾਂ ਨੂੰ ਪ੍ਰੋਤਸਾਹਨ

ਭਾਰਤੀ ਭਾਸ਼ਾਵਾਂ ਲਈ ਸੰਭਾਲ ਅਤੇ ਵਿਕਾਸ ਨੂੰ ਪ੍ਰੋਤਸਾਹਨ ਦਿੱਤਾ ਜਾਵੇਗਾ। ਪਾਲੀ, ਫਾਰਸੀ ਅਤੇ ਪ੍ਰਾਕ੍ਰਿਤ ਭਾਸ਼ਾਵਾਂ ਲਈ ਇੱਕ ਇੰਡੀਅਨ ਇੰਸਟੀਟਿਊਟ ਆਫ੍ ਟਰਾਂਸਲੇਸ਼ਨ ਐਂਡ ਇੰਟਰਪ੍ਰਿਟੇਸ਼ਨ ਦੀ ਸਥਾਪਨਾ ਹੋਵਗੀ। ਸਿੱਖਿਆ ਦੇ ਮਾਧਿਅਮ ਦੇ ਰੂਪ ਵਿੱਚ ਮਾਤ੍ਰਭਾਸ਼ਾ/ਸਥਾਨਕ ਭਾਸ਼ਾ ਦਾ ਉਪਯੋਗ ਕਰਨ ਦੀ ਸਿਫਾਰਸ਼ ਕੀਤੀ ਗਈ ਹੈ।

### ● ਨੈਸ਼ਨਲ ਰਿਸਰਚ ਫਾਊਂਡੇਸ਼ਨ

ਭਾਰਤ ਵਿੱਚ ਨੈਸ਼ਨਲ ਰਿਸਰਚ ਫਾਊਂਡੇਸ਼ਨ ਦੀ ਸਥਾਪਨਾ ਕੀਤੀ ਜਾਵੇਗੀ। ਇਸ ਵਿੱਚ ਨਾ ਸਿਰਫ਼ ਸਾਇੰਸ ਬਲਕਿ ਸੋਸ਼ਲ ਸਾਇੰਸ ਵੀ ਸ਼ਾਮਲ ਹੋਵੇਗੀ। ਇਹ ਵੱਡੇ ਪ੍ਰੋਜੈਕਟਾਂ ਦੀ ਫਾਇਨੈਂਸਿੰਗ ਕਰੇਗੀ। ਇਹ ਸਿੱਖਿਆ ਨਾਲ ਰਿਸਰਚ ਵਿੱਚ ਸਾਨੂੰ ਅੱਗੇ ਆਉਣ ਵਿੱਚ ਮਦਦ ਕਰੇਗਾ।

### ● ਨਵੀਆਂ ਸੀਟਾਂ

ਉਚੇਰੀ ਸਿੱਖਿਆ ਵਿੱਚ ਕੁੱਲ ਦਾਖਲਾ ਅਨੁਪਾਤ ਨੂੰ 26.3% ਤੋਂ ਵਧਾ ਕੇ 2035 ਤੱਕ 50% ਕਰਨਾ ਹੈ। ਉਚੇਰੀ ਸਿੱਖਿਆ ਸੰਸਥਾਵਾਂ ਵਿੱਚ 3.5 ਕਰੋੜ ਨਵੀਆਂ ਸੀਟਾਂ ਜੁੜਨਗੀਆਂ। 2030 ਤੱਕ 100% ਯੁਵਾ ਅਤੇ ਬਾਲਗ ਸਾਖਰਤਾ ਹਾਸਲ ਕਰਨਾ ਹੈ।

### ● ਖੋਜ ਨੂੰ ਪ੍ਰੋਤਸਾਹਨ

ਅੰਡਰ ਗ੍ਰੈਜੁਏਸ਼ਨ ਸਿੱਖਿਆ ਹੁਣ 3 ਜਾਂ 4 ਸਾਲ ਦੀ ਹੋਵੇਗੀ। ਜੋ ਖੋਜ ਖੇਤਰ ਵਿੱਚ ਜਾਣਾ ਚਾਹੁੰਦੇ ਹਨ, ਉਹ 4 ਅਤੇ ਜੋ ਲੋਕ ਨੌਕਰੀ ਕਰਨਾ ਚਾਹੁੰਦੇ ਹਨ ਉਹ 3 ਸਾਲ ਦਾ ਵਿਕਲਪ ਚੁਣ ਸਕਦੇ ਹਨ। 4 ਸਾਲ ਦੀ ਡਿਗਰੀ ਦੇ ਬਾਅਦ ਤੁਸੀਂ 1 ਸਾਲ ਦੀ ਪੀਜੀ ਡਿਗਰੀ ਕਰਕੇ ਪੀਐੱਚਡੀ ਕਰ ਸਕਦੇ ਹੋ। ਐੱਮਫਿਲ ਨੂੰ ਖਤਮ ਕਰ ਦਿੱਤਾ ਗਿਆ ਹੈ।



### ● ਸਿੰਗਲ ਰੈਗੂਲੇਟਰ

ਉਚੇਰੀ ਸਿੱਖਿਆ ਲਈ ਪੂਰੇ ਦੇਸ਼ ਵਿੱਚ ਸਿੰਗਲ ਰੈਗੂਲੇਟਰ ਰਹੇਗਾ। ਲਾਅ ਅਤੇ ਮੈਡੀਕਲ ਨੂੰ ਛੱਡ ਕੇ ਸਭ ਤਰ੍ਹਾਂ ਦੀ ਉਚੇਰੀ ਸਿੱਖਿਆ ਲਈ ਇੱਕ ਸੰਸਥਾ ਦਾ ਗਠਨ ਹੋਵੇਗਾ।

### ● ਆਪਣਾ ਪਾਠਕ੍ਰਮ

ਅੰਡਰ ਗ੍ਰੈਜੁਏਟ ਕਾਲਜ ਆਪਣਾ ਸਿਲੇਬਸ ਅਤੇ ਪਾਠਕ੍ਰਮ ਤੈਅ ਕਰ ਸਕਣਗੇ। ਕਾਲਜਾਂ ਨੂੰ ਮਾਨਤਾ ਦੇਣ ਦਾ ਸਿਸਟਮ 15 ਸਾਲ ਵਿੱਚ ਖਤਮ ਕਰ ਦਿੱਤਾ ਜਾਵੇਗਾ। ਇਨ੍ਹਾਂ ਨੂੰ ਪਹਿਲਾਂ ਤੋਂ ਜ਼ਿਆਦਾ ਖੁਦਮੁਖਤਿਆਰੀ ਮਿਲ ਸਕੇਗੀ।

### ● ਅਕਾਦਮਿਕ ਬੈਂਕ

ਵਿਦਿਆਰਥੀ ਜੋ ਵੀ ਪੜ੍ਹਨਗੇ ਉਹ ਅਕਾਦਮਿਕ ਕ੍ਰੈਡਿਟ ਰਾਹੀਂ ਇਸ ਬੈਂਕ ਵਿੱਚ ਜਮ੍ਹਾਂ ਹੋ ਜਾਵੇਗਾ। ਜਿਸਨੂੰ ਡਿਜੀ ਲਾਕਰ ਜ਼ਰੀਏ ਕਦੇ ਵੀ ਅਕਸੈੱਸ ਕਰ ਸਕਦੇ ਹਨ।

### ● ਅੰਤਰਰਾਸ਼ਟਰੀ ਪੱਧਰ ਦੀ ਸਿੱਖਿਆ

ਕੇਵਲ ਮੋਹਰੀ ਰੈਂਕਿੰਗ ਵਾਲੀਆਂ ਯੂਨੀਵਰਸਿਟੀਆਂ ਨੂੰ ਹੀ ਭਾਰਤ ਵਿੱਚ ਕੈਂਪਸ ਖੋਲ੍ਹਣ ਦੀ ਆਗਿਆ ਮਿਲੇਗੀ। ਸਾਡੇ ਵਿਦਿਆਰਥੀ ਕੇਵਲ ਹਾਈ ਰੈਂਕਿੰਗ ਵਾਲੀਆਂ ਯੂਨੀਵਰਸਿਟੀਆਂ ਵਿੱਚ ਹੀ ਜਾਣਗੇ।













ਨਵੀਂ ਸਿੱਖਿਆ ਨੀਤੀ 'ਤੇ ਪ੍ਰਧਾਨ ਮੰਤਰੀ ਦੇ ਇਸ ਸੰਬੋਧਨ ਨੂੰ ਸੁਣਨ ਲਈ QR ਕੋਡ ਸਕੈਨ ਕਰੋ





# ਨਵੀਂ ਸਿੱਖਿਆ ਨੀਤੀ ਬਾਬਾ ਸਾਹਿਬ ਅੰਬੇਡਕਰ ਦੇ ਵਿਚਾਰਾਂ ਨੂੰ ਸਮਰਪਿਤ ਹੈ: ਪ੍ਰਧਾਨ ਮੰਤਰੀ

**ਸਿੱਖਿਆ ਖੇਤਰ ਵਿੱਚ ਬਦਲਾਅ ਲਈ ਬਣੀ ਨਿਊ ਇੰਡੀਆ ਦੀ ਨਵੀਂ ਸਿੱਖਿਆ ਨੀਤੀ ਨੂੰ ਪ੍ਰਧਾਨ ਮੰਤਰੀ ਨੇ 21ਵੀਂ ਸਦੀ ਵਿੱਚ ਤੇਜ਼ੀ ਨਾਲ ਬਦਲਾਅ ਲਿਆਉਣ ਵਾਲਾ ਕਦਮ ਕਰਾਰ ਦਿੱਤਾ ਤਾਂ ਇਹ ਭਰੋਸਾ ਵੀ ਜਤਾਇਆ ਕਿ ਅੱਜ ਭਾਰਤ ਦਾ ਨੌਜਵਾਨ ਦੇਸ਼ ਦੇ ਸਾਹਮਣੇ ਆਉਣ ਵਾਲੀ ਅਜਿਹੀ ਕਿਸੇ ਵੀ ਚੁਣੌਤੀ ਨਾਲ ਟੱਕਰ ਲੈ ਕੇ ਉਸ ਦਾ ਹੱਲ ਲੱਭ ਸਕਦਾ ਹੈ। ਸਮਾਰਟ ਇੰਡੀਆ ਹੈਕਾਥੌਨ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਦੇਸ਼ ਦੀ ਇਤਿਹਾਸਿਕ ਨਵੀਂ ਸਿੱਖਿਆ ਨੀਤੀ ਦੀਆਂ ਬਾਰੀਕੀਆਂ ਨੂੰ ਸਰਲ ਅੰਦਾਜ਼ ਵਿੱਚ ਸਮਝਾਇਆ। ਉਨ੍ਹਾਂ ਦੇ ਸੰਬੋਧਨ ਦੇ ਪ੍ਰਮੁੱਖ ਬਿੰਦੂ:**

- ਸਾਡੇ ਸੰਵਿਧਾਨ ਦੇ ਮੁੱਖ ਸ਼ਿਲਪੀ, ਸਾਡੇ ਦੇਸ਼ ਦੇ ਮਹਾਨ ਸਿੱਖਿਆਸ਼ਾਸਤਰੀ ਬਾਬਾ ਸਾਹਿਬ ਅੰਬੇਡਕਰ ਕਹਿੰਦੇ ਸਨ ਕਿ ਸਿੱਖਿਆ ਅਜਿਹੀ ਹੋਣੀ ਚਾਹੀਦੀ ਹੈ ਜੋ ਸਾਰਿਆਂ ਦੀ ਪਹੁੰਚ ਵਿੱਚ ਹੋਵੇ। ਸਾਰਿਆਂ ਲਈ ਸੁਲਭ ਹੋਵੇ। ਇਹ ਸਿੱਖਿਆ ਨੀਤੀ, ਉਨ੍ਹਾਂ ਦੇ ਇਸ ਵਿਚਾਰ ਨੂੰ ਸਮਰਪਿਤ ਹੈ।
- ਇਹ ਸਿੱਖਿਆ ਨੀਤੀ ਨੌਕਰੀ ਮੰਗਣ ਵਾਲੇ ਦੀ ਬਜਾਏ ਨੌਕਰੀ ਦੇਣ ਵਾਲਾ ਬਣਾਉਣ 'ਤੇ ਜ਼ੋਰ ਦਿੰਦੀ ਹੈ। ਯਾਨੀ ਇੱਕ ਪ੍ਰਕਾਰ ਨਾਲ ਇਹ ਸਾਡੀ ਮਾਨਸਿਕਤਾ ਵਿੱਚ, ਸਾਡੀ ਪਹੁੰਚ ਵਿੱਚ ਹੀ ਸੁਧਾਰ ਲਿਆਉਣ ਦਾ ਉਪਰਾਲਾ ਹੈ।
- ਸਾਡੇ ਦੇਸ਼ ਵਿੱਚ ਭਾਸ਼ਾ ਹਮੇਸ਼ਾ ਤੋਂ ਇੱਕ ਸੰਵੇਦਨਸ਼ੀਲ ਵਿਸ਼ਾ ਰਹੀ ਹੈ। ਇਸ ਦੀ ਵੱਡੀ ਵਜ੍ਹਾ ਇਹ ਹੈ ਕਿ ਸਾਡੇ ਇੱਥੇ ਸਥਾਨਕ ਭਾਸ਼ਾ ਨੂੰ ਆਪਣੇ ਹਾਲ 'ਤੇ ਹੀ ਛੱਡ ਦਿੱਤਾ ਗਿਆ, ਉਸ ਨੂੰ ਪਨਪਣ ਅਤੇ ਅੱਗੇ ਵਧਣ ਦਾ ਮੌਕਾ ਬਹੁਤ ਘੱਟ ਮਿਲਿਆ।
- ਹੁਣ ਐਜੂਕੇਸ਼ਨ ਪਾਲਿਸੀ ਵਿੱਚ ਜੋ ਬਦਲਾਅ ਲਿਆਂਦੇ ਗਏ ਹਨ ਉਸ ਨਾਲ ਭਾਰਤ ਦੀਆਂ ਭਾਸ਼ਾਵਾਂ ਅੱਗੇ ਵਧਣਗੀਆਂ, ਉਨ੍ਹਾਂ ਦਾ ਹੋਰ ਵਿਕਾਸ ਹੋਵੇਗਾ। ਇਹ ਭਾਰਤ ਦੇ ਗਿਆਨ ਨੂੰ ਤਾਂ ਵਧਾਉਣਗੀਆਂ ਹੀ, ਭਾਰਤ ਦੀ ਏਕਤਾ ਨੂੰ ਵੀ ਵਧਾਉਣਗੀਆਂ।
- ਉਂਜ ਵੀ ਅੱਜ ਜੀਡੀਪੀ ਦੇ ਅਧਾਰ 'ਤੇ ਵਿਸ਼ਵ ਦੇ ਟੌਪ 20 ਦੇਸ਼ਾਂ ਦੀ ਲਿਸਟ ਦੇਖੋ ਤਾਂ ਜ਼ਿਆਦਾਤਰ ਦੇਸ਼ ਆਪਣੀ ਗ੍ਰਹਿ ਭਾਸ਼ਾ, ਮਾਤ੍ਰਭਾਸ਼ਾ ਵਿੱਚ ਹੀ ਸਿੱਖਿਆ ਦਿੰਦੇ ਹਨ। ਇਹ ਆਪਣੇ ਦੇਸ਼ ਵਿੱਚ ਨੌਜਵਾਨਾਂ ਦੀ ਸੋਚ ਅਤੇ ਸਮਝ ਨੂੰ ਆਪਣੀ ਭਾਸ਼ਾ ਵਿੱਚ ਵਿਕਸਿਤ ਕਰਦੇ ਹਨ ਅਤੇ ਦੁਨੀਆ ਨਾਲ ਸੰਵਾਦ ਲਈ ਦੂਜੀਆਂ ਭਾਸ਼ਾਵਾਂ 'ਤੇ ਵੀ ਜ਼ੋਰ ਦਿੰਦੇ ਹਨ।
- ਇੱਕ ਪਾਸੇ ਜਿੱਥੇ ਸਥਾਨਕ ਲੋਕ ਕਲਾਵਾਂ ਅਤੇ ਵਿੱਦਿਆਵਾਂ, ਸ਼ਾਸਤਰੀ ਕਲਾ ਅਤੇ ਗਿਆਨ ਨੂੰ ਸੁਭਾਵਿਕ ਸਥਾਨ ਦੇਣ ਦੀ ਗੱਲ ਹੈ ਤਾਂ ਉੱਥੇ ਵਿਸ਼ਵ ਪੱਧਰੀ ਸੰਸਥਾਵਾਂ ਨੂੰ ਭਾਰਤ ਵਿੱਚ ਕੈਂਪਸ ਖੋਲ੍ਹਣ ਦਾ ਸੱਦਾ ਵੀ ਹੈ।

**21ਵੀ ਸਦੀ ਗਿਆਨ ਦਾ ਯੁਗ ਹੈ। ਇਹ ਸਮਾਂ ਲਰਨਿੰਗ, ਰਿਸਰਚ, ਇਨੋਵੇਸ਼ਨ ਨੂੰ ਪ੍ਰੋਤਸਾਹਨ ਦੇਣ ਵਾਲਾ ਹੈ। ਇਸੇ ਨੂੰ ਭਾਰਤ ਦੀ ਨਵੀਂ ਸਿੱਖਿਆ ਨੀਤੀ ਵਿੱਚ ਰੱਖਿਆ ਗਿਆ ਹੈ।**

- ਨਵੀਂ ਸਿੱਖਿਆ ਨੀਤੀ ਪ੍ਰਾਇਮਰੀ ਤੋਂ ਉਚੇਰੀ ਸਿੱਖਿਆ ਤੱਕ ਸਭ ਨੂੰ ਸਹਿਜ ਸੁਲਭ ਕਰਵਾਉਣ ਵਾਲੀ ਹੈ। ਜਿਸ ਦਾ ਮਕਸਦ ਕੁੱਲ ਦਾਖਲਾ ਦਰ ਨੂੰ 2035 ਤੱਕ 50% ਕਰਨਾ ਹੈ।
- ਦੇਸ਼ ਦੀ ਯੁਵਾ ਸ਼ਕਤੀ 'ਤੇ ਮੈਨੂੰ ਹਮੇਸ਼ਾ ਤੋਂ ਭਰੋਸਾ ਰਿਹਾ ਹੈ। ਇਹ ਭਰੋਸਾ ਕਿਉਂ ਹੈ, ਇਹ ਦੇਸ਼ ਦੇ ਨੌਜਵਾਨਾਂ ਨੇ ਵਾਰ-ਵਾਰ ਸਾਬਤ ਕੀਤਾ ਹੈ।
- ਆਤਮਨਿਰਭਰਤਾ ਲਈ ਭਾਰਤ ਦੀ ਆਕਾਂਖਿਆ ਊਰਜਾ ਹੈ। ਦੇਸ਼ ਦੇ ਗ਼ਰੀਬ ਨੂੰ ਇੱਕ ਬਿਹਤਰ ਜੀਵਨ ਦੇਣ, ਈਜ਼ ਆਫ਼ ਲਿਵਿੰਗ ਦੇ ਸਾਡੇ ਟੀਚੇ ਨੂੰ ਹਾਸਲ ਕਰਨ ਵਿੱਚ ਤੁਹਾਡੀ ਸਾਰੇ ਨੌਜਵਾਨਾਂ ਦੀ ਭੂਮਿਕਾ ਬਹੁਤ ਅਹਿਮ ਹੈ। ਮੇਰਾ ਹਮੇਸ਼ਾ ਤੋਂ ਇਹ ਮੰਨਣਾ ਰਿਹਾ ਹੈ ਕਿ ਦੇਸ਼ ਦੇ ਸਾਹਮਣੇ ਆਉਣ ਵਾਲੀ ਅਜਿਹੀ ਕੋਈ ਚੁਣੌਤੀ ਨਹੀਂ ਹੈ ਜਿਸ ਨਾਲ ਸਾਡਾ ਨੌਜਵਾਨ ਟੱਕਰ ਨਾ ਲੈ ਸਕੇ, ਉਸ ਦਾ ਹੱਲ ਨਾ ਢੂੰਡ ਸਕੇ।

- ਇਸ ਨੀਤੀ ਦਾ ਸਭ ਤੋਂ ਅਹਿਮ ਪਹਿਲੂ ਹੈ ਕਿ ਇਹ ਅੰਤਰ ਵਿਸ਼ਾ ਅਧਿਐਨ 'ਤੇ ਜ਼ੋਰ ਦਿੰਦੀ ਹੈ, ਜਿਸਦੀ ਕਾਫ਼ੀ ਸ਼ਲਾਘਾ ਹੋ ਰਹੀ ਹੈ। ਇਹ ਸੱਚ ਹੈ ਕਿ ਇੱਕ ਸਾਈਜ਼ ਸਭ ਨੂੰ ਫਿੱਟ ਨਹੀਂ ਹੁੰਦਾ ਤਾਂ ਉਸੇ ਤਰ੍ਹਾਂ ਇੱਕ ਵਿਸ਼ਾ ਇਹ ਪਰਿਭਾਸ਼ਿਤ ਨਹੀਂ ਕਰਦਾ ਕਿ ਤੁਸੀਂ ਕੌਣ ਹੋ?

- ਭਾਰਤ ਦੀ ਰਾਸ਼ਟਰੀ ਸਿੱਖਿਆ ਨੀਤੀ ਦੀ ਭਾਵਨਾ ਸਕੂਲ ਬੈਗ ਦਾ ਬੋਝ ਹਟਾ ਕੇ ਅੱਗੇ ਵਧਾਉਣਾ ਹੈ।

- ਨਵੀਂ ਸਿੱਖਿਆ ਨੀਤੀ ਦੀ ਇੱਕ ਹੋਰ ਖਾਸ ਗੱਲ ਹੈ। ਇਸ ਵਿੱਚ ਜਿੰਨਾ ਲੋਕਲ 'ਤੇ ਜ਼ੋਰ ਹੈ, ਓਨਾ ਹੀ ਉਸ ਨੂੰ ਗਲੋਬਲ ਪੱਧਰ 'ਤੇ ਇੰਟੀਗ੍ਰੇਟ ਕਰਨ 'ਤੇ ਬਲ ਦਿੱਤਾ ਗਿਆ ਹੈ।

- ਇਸ ਅਪ੍ਰੋਚ ਨੇ ਦੇਸ਼ ਨੂੰ ਇੱਕ ਬਹੁਤ ਵੱਡੀ ਆਬਾਦੀ ਅਜਿਹੀ ਦਿੱਤੀ ਹੈ ਜੋ ਪੜ੍ਹੀ-ਲਿਖੀ ਤਾਂ ਹੈ, ਪਰ ਜੋ ਉਸਨੇ ਪੜ੍ਹਿਆ ਹੈ, ਉਸ ਵਿੱਚੋਂ ਜ਼ਿਆਦਾਤਰ ਉਸ ਦੇ ਕੰਮ ਨਹੀਂ ਆਉਂਦਾ। ਡਿਗਰੀਆਂ ਦੇ ਅੰਬਾਰ ਦੇ ਬਾਅਦ ਵੀ ਉਹ ਆਪਣੇ ਆਪ ਵਿੱਚ ਇੱਕ ਅਧੂਰਾਪਣ ਮਹਿਸੂਸ ਕਰਦਾ ਹੈ।

- ਤੁਸੀਂ ਵੀ ਆਪਣੇ ਆਸਪਾਸ ਦੇਖਦੇ ਹੋਵੋਗੇ, ਅੱਜ ਵੀ ਅਨੇਕ ਬੱਚਿਆਂ ਨੂੰ ਲਗਦਾ ਹੈ ਕਿ ਉਨ੍ਹਾਂ ਨੂੰ ਇੱਕ ਅਜਿਹੇ ਵਿਸ਼ੇ ਦੇ ਅਧਾਰ 'ਤੇ ਜੱਜ ਕੀਤਾ ਜਾਂਦਾ ਹੈ ਜਿਸ ਵਿੱਚ ਉਸ ਦੀ ਦਿਲਚਸਪੀ ਹੀ ਨਹੀਂ ਹੈ। ਮਾਂ-ਬਾਪ ਦਾ, ਰਿਸ਼ਤੇਦਾਰਾਂ ਦਾ, ਦੋਸਤਾਂ ਦਾ ਪ੍ਰੈੱਸ਼ਰ ਹੁੰਦਾ ਹੈ ਤਾਂ ਉਹ ਦੂਜਿਆਂ ਦੁਆਰਾ ਚੁਣੇ ਗਏ ਵਿਸ਼ੇ ਪੜ੍ਹਨ ਲਗਦੇ ਹਨ। ਇਸ ਲਈ ਇਹ ਸਿਰਫ਼ ਇੱਕ ਨੀਤੀਗਤ ਦਸਤਾਵੇਜ਼ ਨਹੀਂ ਹੈ, ਬਲਕਿ 130 ਕਰੋੜ ਤੋਂ ਜ਼ਿਆਦਾ ਭਾਰਤੀਆਂ ਦੀਆਂ ਆਕਾਂਖਿਆਵਾਂ ਦਾ ਪ੍ਰਤੀਬਿੰਬ ਵੀ ਹੈ।


- ਇਸ ਕੜੀ ਵਿੱਚ ਕੁਝ ਦਿਨ ਪਹਿਲਾਂ ਦੇਸ਼ ਦੀ ਨਵੀਂ ਸਿੱਖਿਆ ਨੀਤੀ ਦਾ ਐਲਾਨ ਕੀਤਾ ਗਿਆ ਹੈ। ਇਹ ਨੀਤੀ 21ਵੀਂ ਸਦੀ ਦੇ ਨੌਜਵਾਨਾਂ ਦੀ ਸੋਚ, ਉਨ੍ਹਾਂ ਦੀਆਂ ਜ਼ਰੂਰਤਾਂ, ਉਨ੍ਹਾਂ ਦੀਆਂ ਆਸ਼ਾਵਾਂ-ਉਮੀਦਾਂ ਅਤੇ ਆਕਾਂਖਿਆਵਾਂ ਨੂੰ ਦੇਖਦੇ ਹੋਏ ਬਣਾਈ ਗਈ ਹੈ।


- ਇਸੇ ਸੋਚ ਨਾਲ ਹੁਣ ਦੇਸ਼ ਵਿੱਚ ਇਨੋਵੇਸ਼ਨ ਲਈ, ਰਿਸਰਚ ਲਈ, ਡਿਜ਼ਾਈਨ ਲਈ, ਡਿਵੈਲਪਮੈਂਟ ਲਈ, ਉੱਦਮਸ਼ੀਲਤਾ ਲਈ ਜ਼ਰੂਰੀ ਈਕੋ-ਸਿਸਟਮ ਤੇਜ਼ੀ ਨਾਲ ਤਿਆਰ ਕੀਤਾ ਜਾ ਰਿਹਾ ਹੈ।


- ਲੇਕਿਨ ਇਹ 21ਵੀਂ ਸਦੀ ਹੈ ਅਤੇ ਤੇਜ਼ੀ ਨਾਲ ਬਦਲਦੀ ਹੋਈ ਦੁਨੀਆ ਵਿੱਚ ਭਾਰਤ ਨੂੰ ਆਪਣੀ ਪ੍ਰਭਾਵੀ ਭੂਮਿਕਾ ਨਿਭਾਉਣ ਲਈ ਓਨੀ ਹੀ ਤੇਜ਼ੀ ਨਾਲ ਬਦਲਣਾ ਹੋਵੇਗਾ। ■

## ਨਿਊ ਇੰਡੀਆ ਦੀ ਨਵੀਂ ਸਿੱਖਿਆ ਨੀਤੀ ਨਾਲ ਦੇਸ਼ ਦੇ ਸਕੂਲ-ਕਾਲਜ ਅਤੇ ਵਿਦਿਆਰਥੀਆਂ ਨੂੰ ਲਾਭ ਹੋਵੇਗਾ

| ਦੇਸ਼ ਵਿੱਚ ਕੁੱਲ ਸਕੂਲ | ਅਧਿਆਪਕ | ਵਿਦਿਆਰਥੀ |
|---|---|---|
| 1550006 | 9416895 | 247853688 |




**ਯੂਨੀਵਰਸਿਟੀਆਂ**
ਵਿਦਿਆਰਥੀ 96.46 | ਅਧਿਆਪਕ 1.58

**ਕਾਲਜ**
ਵਿਦਿਆਰਥੀ 226 | ਅਧਿਆਪਕ 10.99

**ਖੁਦਮੁਖਤਿਆਰ**
ਵਿਦਿਆਰਥੀ 20.23 | ਅਧਿਆਪਕ 1.47

ਅੰਕੜੇ ਲੱਖਾਂ ਵਿੱਚ

## ਪਹਿਲੀ ਵਾਰ ਆਮ ਆਦਮੀ ਦੇ ਸੁਝਾਅ 'ਤੇ ਤਿਆਰ ਹੋਈ ਨੀਤੀ...

ਅਜ਼ਾਦ ਭਾਰਤ ਵਿੱਚ 1968 ਵਿੱਚ ਪਹਿਲੀ ਵਾਰ ਰਾਸ਼ਟਰੀ ਸਿੱਖਿਆ ਨੀਤੀ ਦੀ ਕਲਪਨਾ ਕੀਤੀ ਗਈ। ਇਸ ਵਿੱਚ ਸਿੱਖਿਆ ਪ੍ਰਣਾਲੀ ਦਾ ਰੂਪਾਂਤਰਣ ਕਰਕੇ 10+2+3 ਵਿਧੀ 'ਤੇ ਜ਼ੋਰ ਦਿੱਤਾ ਗਿਆ। 1952 ਵਿੱਚ ਲਕਸ਼ਣਸਵਾਮੀ ਮੁਦਲਿਆਰ ਦੀ ਪ੍ਰਧਾਨਗੀ ਵਿੱਚ ਗਠਿਤ ਸੈਕੰਡਰੀ ਸਿੱਖਿਆ ਕਮਿਸ਼ਨ ਦਾ ਗਠਨ ਕੀਤਾ ਗਿਆ ਸੀ। ਇਸ ਦੇ ਬਾਅਦ ਮਈ 1986 ਵਿੱਚ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਲਾਗੂ ਕੀਤੀ ਗਈ ਜੋ ਹੁਣ ਤੱਕ ਚਲ ਰਹੀ ਸੀ। 1986 ਦੀ ਸਿੱਖਿਆ ਨੀਤੀ ਵਿੱਚ ਕੁਝ ਸੋਧਾਂ 1992 ਵਿੱਚ ਵੀ ਕੀਤੀਆਂ ਗਈਆਂ। ਇਸ ਦੇ ਬਾਅਦ ਟੀਐੱਸਆਰ ਸੁਬਰਾਮਣੀਅਮ ਅਤੇ ਫਿਰ ਜੂਨ 2017 ਵਿੱਚ ਇਸਰੋ ਪ੍ਰਮੁੱਖ ਰਹੇ ਡਾ. ਕੇ. ਕਸਤੂਰੀਰੰਗਨ ਦੀ ਅਗਵਾਈ ਵਿੱਚ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਸੀ, ਇਸ ਕਮੇਟੀ ਨੇ ਮਈ 2019 ਵਿੱਚ 'ਰਾਸ਼ਟਰੀ ਸਿੱਖਿਆ ਨੀਤੀ ਦਾ ਮਸੌਦਾ' ਪੇਸ਼ ਕੀਤਾ ਸੀ। ਜਿਸ ਨੂੰ ਹੁਣ ਪ੍ਰਵਾਨਗੀ ਦੇ ਦਿੱਤੀ ਗਈ ਹੈ। ਰਾਸ਼ਟਰੀ ਸਿੱਖਿਆ ਨੀਤੀ ਲਈ 2.5 ਲੱਖ ਗ੍ਰਾਮ ਪੰਚਾਇਤਾਂ, 6600 ਬਲਾਕ, 676 ਜ਼ਿਲ੍ਹਿਆਂ ਤੋਂ ਲਗਭਗ 2 ਲੱਖ ਸੁਝਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਲਈ 2015 ਵਿੱਚ ਭਾਗੀਦਾਰੀ ਸਲਾਹ ਪ੍ਰਕਿਰਿਆ ਸ਼ੁਰੂ ਕੀਤੀ। ਕੇਂਦਰੀ ਸਿੱਖਿਆ ਸਲਾਹਕਾਰ ਬੋਰਡ ਤਹਿਤ ਰਾਜਾਂ ਤੋਂ ਸੁਝਾਅ ਲਏ ਗਏ।

ਵਿਆਪਕ ਮੰਥਨ ਨਾਲ ਤਿਆਰ ਹੋਈ ਸਿੱਖਿਆ ਨੀਤੀ ਵਿਗਿਆਨਕ ਸੋਚ 'ਤੇ ਅਧਾਰਿਤ ਹੈ ਤਾਕਿ ਬੱਚਿਆਂ 'ਤੇ ਪੜ੍ਹਾਈ ਦਾ ਦਬਾਅ ਨਾ ਹੋਵੇ। ਇਸੇ ਮਕਸਦ ਨਾਲ ਬੋਰਡ ਪਰੀਖਿਆਵਾਂ ਵਿੱਚ ਬਦਲਾਅ ਕੀਤਾ ਗਿਆ ਤਾਂ ਖੋਜ ਨੂੰ ਜ਼ਿਆਦਾ ਮਹੱਤਵ ਦੇ ਕੇ ਉਸ ਨੂੰ ਪਿੰਡਾਂ ਤੱਕ ਪਹੁੰਚਾਉਣਾ ਲਾਜ਼ਮੀ ਕੀਤਾ ਗਿਆ। ਨਵੀਂ ਸਿੱਖਿਆ ਨੀਤੀ ਤਿਆਰ ਕਰਨ ਵਾਲੀ ਕਮੇਟੀ ਦੇ ਮੈਂਬਰ ਡਾ. ਰਾਮ ਸ਼ੰਕਰ ਕੁਰੀਲ ਨਿਊ ਇੰਡੀਆ ਸਮਾਚਾਰ ਨੂੰ ਦੱਸਦੇ ਹਨ, "ਇਹ ਬਹੁਤ ਚੰਗੀ ਟੀਚਾ ਅਧਾਰਿਤ ਨੀਤੀ ਹੈ ਜੋ ਦੇਸ਼ ਦੇ ਵਿਕਾਸ ਲਈ ਵਿਗਿਆਨਕ ਦ੍ਰਿਸ਼ਟੀਕੋਣ ਨਾਲ ਤਿਆਰ ਕੀਤੀ ਗਈ ਹੈ। ਜਿਸ ਦਾ ਮਕਸਦ ਗਿਆਨ, ਕੌਸ਼ਲ, ਆਈਟੀ ਅਤੇ ਉੱਦਮਤਾ ਦਾ ਵਿਕਾਸ ਕਰਨਾ ਹੈ।" ਛੋਟੇ ਬੱਚਿਆਂ ਦੇ ਦਿਮਾਗੀ ਵਿਕਾਸ 'ਤੇ ਸਰਕਾਰ ਨੇ ਖਾਸ ਧਿਆਨ ਦਿੱਤਾ ਹੈ। ਕੁਰੀਲ ਦੱਸਦੇ ਹਨ, "ਬੱਚਿਆਂ ਵਿੱਚ 85-90 ਫੀਸਦੀ ਦਿਮਾਗ ਦਾ ਵਿਕਾਸ 6 ਸਾਲ ਦੀ ਉਮਰ ਤੱਕ ਹੋ ਜਾਂਦਾ ਹੈ। ਅਜਿਹੇ ਵਿੱਚ ਉਸ ਨੂੰ ਪੋਸ਼ਿਤ ਭੋਜਨ ਦਿੱਤਾ ਜਾਣਾ ਜ਼ਰੂਰੀ ਹੁੰਦਾ ਹੈ। ਇਸ ਲਈ ਹੁਣ ਬ੍ਰੇਕਫਾਸਟ ਨੂੰ ਜੋੜਿਆ ਗਿਆ ਹੈ ਜਿਸ ਵਿੱਚ ਅੰਡਾ ਜਾਂ ਡਰਾਈ ਫਰੂਟਸ, ਫਲ ਆਦਿ ਦੇਣਾ ਲਾਜ਼ਮੀ ਕੀਤਾ ਗਿਆ ਹੈ।" ਨਰੇਂਦਰ ਮੋਦੀ ਸਰਕਾਰ ਨੇ ਇਸ ਨੀਤੀ ਜ਼ਰੀਏ ਪਿੰਡ-ਸ਼ਹਿਰ, ਅਮੀਰ-ਗਰੀਬ ਦਾ ਭੇਦਭਾਵ ਖਤਮ ਕਰ ਕੇ ਦੇਸ਼ ਵਿੱਚ ਸਮਾਨ ਸਿੱਖਿਆ ਦੇ ਅਵਸਰ ਨੂੰ ਉਪਲੱਬਧ ਕਰਵਾਉਣ ਦੀ ਪਹਿਲ ਕੀਤੀ ਹੈ ਤਾਕਿ ਆਉਣ ਵਾਲੀ ਨੌਜਵਾਨ ਪੀੜ੍ਹੀ ਭਾਰਤ ਨੂੰ ਗਲੋਬਲ ਨੌਲਿਜ ਸੁਪਰ ਪਾਵਰ ਬਣਾਉਣ ਦੀ ਸਮਰੱਥਾ ਰੱਖ ਸਕੇ। ■

# ਕੋਰੋਨਾ ਕਾਲ ਦਾ ਜੀਵਨ ਹੁਣ ਮੰਥਨ ਦਾ ਸਮਾਂ



–ਐੱਮ ਵੈਂਕਈਆ ਨਾਇਡੂ
ਉਪ ਰਾਸ਼ਟਰਪਤੀ

**ਜੀਵਨ ਆਖਿਰ ਹੈ ਕੀ? ਅੰਗਰੇਜ਼ੀ ਵਿੱਚ ਕਿਹਾ ਜਾਂਦਾ ਹੈ ਜੀਵਨ B ਯਾਨੀ ਬਰਥ (ਜਨਮ) ਤੋਂ ਲੈ ਕੇ D ਯਾਨੀ ਡੈੱਥ (ਮੌਤ) ਦੀ ਯਾਤਰਾ ਹੈ ਜਿਸ ਦਰਮਿਆਨ C ਅਰਥਾਤ ਚੁਆਇਸ (ਵਿਕਲਪ) ਹਨ ਜੋ ਤੁਹਾਡੇ ਜੀਵਨ ਨੂੰ ਅਰਥਪੂਰਨ ਬਣਾਉਂਦੇ ਹਨ। ਅੱਜ ਕੋਰੋਨਾ ਵਾਇਰਸ ਦੇ ਇਸ ਸਮੇਂ ਵਿੱਚ ਸਾਨੂੰ ਅਜਿਹਾ ਹੀ ਇੱਕ ਅਵਸਰ ਮਿਲਿਆ ਹੈ। ਲਗਭਗ ਪੰਜ ਮਹੀਨੇ ਪਹਿਲਾਂ ਸਾਰੇ ਵਿਸ਼ਵ ਨੇ ਪੌਜ ਦਾ ਬਟਨ ਦਬਾ ਕੇ ਆਪਣੀ ਗਤੀ ਨੂੰ ਰੋਕ ਦਿੱਤਾ। ਫਿਰ ਰੀਸੈੱਟ ਦਾ ਬਨ ਦਬਾ ਕੇ ਆਪਣੇ ਜੀਵਨ ਦੀ ਗਤੀ ਨੂੰ ਪਹਿਲਾਂ ਦੇ ਮੁਕਾਬਲੇ ਘੱਟ ਤੋਂ ਘੱਟ ਕਰ ਲਿਆ। ਅੱਜ ਜਦੋਂ ਅਸੀਂ ਲੌਕਡਾਊਨ ਤੋਂ ਬਾਹਰ ਨਿਕਲ ਰਹੇ ਹਾਂ ਤਾਂ ਸਮਾਂ ਹੈ ਕਿ ਅਸੀਂ ਆਪਣੇ ਜੀਵਨ ਦਾ ਵਿਸ਼ਲੇਸ਼ਣ ਕਰੀਏ ਕਿ ਬੀਤੇ ਪੰਜ ਮਹੀਨਿਆਂ ਵਿੱਚ ਅਸੀਂ ਕੀ ਸਿੱਖਿਆ?**

ਨਿਰਸੰਦੇਹ ਕੋਰੋਨਾ ਨੇ ਲੋਕਾਂ ਦੀ ਜੀਵਨ ਸ਼ੈਲੀ ਬਦਲੀ ਹੈ ਅਤੇ ਹੁਣ ਦੁਨੀਆ ਕੋਰੋਨਾ ਤੋਂ ਪਹਿਲਾਂ ਅਤੇ ਉਸ ਦੇ ਬਾਅਦ ਦੀ ਦੁਨੀਆ ਦੇ ਦੌਰ ਵਿੱਚ ਪਹੁੰਚ ਗਈ ਹੈ। ਇਸ ਅਵਸਰ 'ਤੇ ਭਾਰਤ ਦੇ ਉਪ ਰਾਸ਼ਟਰਪਤੀ ਐੱਮ.ਵੈਂਕਈਆ ਨਾਇਡੂ ਨੇ ਆਪਣੇ ਲੇਖ ਰਾਹੀਂ ਜਨਤਾ ਨੂੰ ਜ਼ਿੰਦਗੀ ਦੇ ਅਨੁਸ਼ਾਸਨ ਅਤੇ ਜੀਵਨ ਜੀਣ ਦੀ ਸ਼ੈਲੀ 'ਤੇ ਸੰਵਾਦ ਕੀਤਾ ਹੈ। **ਉਨ੍ਹਾਂ ਦੇ ਹੀ ਸ਼ਬਦਾਂ ਵਿੱਚ :**

**1 ਕੀ ਤੁਸੀਂ ਕੋਵਿਡ-19 ਮਹਾਮਾਰੀ ਦੇ ਕਾਰਨਾਂ ਦਾ ਵਿਸ਼ਲੇਸ਼ਣ ਕੀਤਾ ਹੈ?**

ਉਪਭੋਗਤਾਵਾਦ ਦੀ ਅੰਨ੍ਹੀ ਦੌੜ ਵਿੱਚ ਅਸੀਂ ਉਸ ਸਿਧਾਂਤ ਨੂੰ ਹੀ ਭੁੱਲ ਗਏ ਕਿ ਸਾਨੂੰ ਕੁਦਰਤ ਅਤੇ ਸੱਭਿਆਚਾਰ ਨਾਲ ਵੀ ਸੰਤੁਲਨ ਬਣਾ ਕੇ ਚਲਣਾ ਹੈ। ਇਹ ਮੰਨਣਾ ਕਿ ਪੂਰੀ ਧਰਤੀ ਸਿਰਫ਼ ਮਨੁੱਖ ਲਈ ਹੀ ਬਣੀ ਹੈ, ਅਜਿਹੀ ਸੋਚ ਨੇ ਕੁਦਰਤ ਦੇ ਨੈਸਰਗਿਕ ਸੰਤੁਲਨ ਨੂੰ ਹੀ ਵਿਗਾੜ ਦਿੱਤਾ ਅਤੇ ਇਸ ਨਾਲ ਅਲਗ ਤਰ੍ਹਾਂ ਦੀਆਂ ਮੁਸ਼ਕਿਲਾਂ ਪੈਦਾ ਹੋਈਆਂ ਹਨ। ਕੀ ਤੁਸੀਂ ਇਸ ਨਾਲ ਸਹਿਮਤ ਹੋ?

**2 ਕੀ ਤੁਸੀਂ ਆਪਣੀ ਜੀਵਨ ਸ਼ੈਲੀ ਵਿੱਚ ਬਦਲਾਅ ਲਿਆਉਣ ਲਈ ਤਿਆਰ ਹੋ?**

ਕੋਵਿਡ ਨੇ ਸਾਨੂੰ ਸਿਖਾ ਦਿੱਤਾ ਹੈ ਕਿ ਸਮ੍ਰਿੱਧੀ ਅਤੇ ਸੰਪੰਨਤਾ, ਸਾਡੇ ਜੀਵਨ ਵਿੱਚ ਸਭ ਕੁਝ ਤਾਂ ਨਹੀਂ ਹੋ ਸਕਦੀ। ਸਾਨੂੰ ਆਪਣੇ ਜੀਵਨ ਦੀਆਂ ਪ੍ਰਾਥਮਿਕਤਾਵਾਂ ਨੂੰ ਬਦਲਣਾ ਹੋਵੇਗਾ। ਸਿਹਤ ਹੀ ਸੰਪਤੀ ਹੈ। ਕੀ ਤੁਸੀਂ ਜੀਵਨ ਵਿੱਚ ਬਦਲਾਅ ਲਿਆਉਣ ਲਈ ਤਿਆਰ ਹੋ?

**3 ਕੀ ਤੁਸੀਂ ਆਪਣੇ ਜੀਵਨ ਦੇ ਇਰਾਦਿਆਂ ਅਤੇ ਉਦੇਸ਼ਾਂ ਨੂੰ ਪੁਨਰ ਪਰਿਭਾਸ਼ਿਤ ਕੀਤਾ ਹੈ?**

ਚੰਗੀ ਸਿੱਖਿਆ, ਚੰਗੀ ਨੌਕਰੀ, ਇੱਕ ਨੌਕਰੀ ਕਰਨ ਵਾਲਾ ਜੀਵਨ ਸਾਥੀ, ਕੌਨਵੈਂਟ ਦੀ ਸਿੱਖਿਆ ਲੈ ਰਹੇ ਬੱਚੇ ਅਤੇ ਜੀਵਨ ਦੀਆਂ ਹੋਰ ਸੁਵਿਧਾਵਾਂ, ਅਸਲ ਵਿੱਚ ਸਿਰਫ਼ ਇਹ ਹੀ ਜੀਵਨ ਨੂੰ ਅਰਥਪੂਰਨ ਨਹੀਂ ਬਣਾਉਂਦੇ। ਜੀਵਨ ਦਾ ਅਰਥ ਇਸ ਤੋਂ ਕੁਝ ਅਲੱਗ ਹੈ। ਇੱਕ ਸਮਾਜਿਕ ਪ੍ਰਾਣੀ ਦੇ ਰੂਪ ਵਿੱਚ ਸਾਡਾ ਭਵਿੱਖ, ਸਭ ਦੀ ਸਾਂਝੀ ਖੁਸ਼ਹਾਲੀ ਵਿੱਚ ਮੌਜੂਦ ਹੈ।ਕੀ ਇਸ ਕੋਰੋਨਾ ਦੌਰ ਵਿੱਚ ਤੁਸੀਂ ਵੀ ਇਹ ਅਨੁਭਵ ਕੀਤਾ ਹੈ?

**4 ਕੀ ਤੁਸੀਂ ਆਪਣੇ ਜੀਵਨ ਵਿੱਚ ਆਪਣੀ ਭੂਮਿਕਾ ਨਿਭਾਉਣ ਵਿੱਚ ਕੋਈ ਕਮੀ ਮਹਿਸੂਸ ਕੀਤੀ?**

**ਉੱਘੇ ਵਿਦਵਾਨ ਸੁਕਰਾਤ ਨੇ ਕਿਹਾ ਸੀ ਕਿ ਕਸੌਟੀ 'ਤੇ ਕਸੇ ਬਿਨਾ ਜੀਵਨ ਬੇਕਾਰ ਹੈ। ਜੀਵਨ ਦੇ ਸਾਰੇ ਆਯਾਮਾਂ ਦਾ, ਉਸ ਦੇ ਸੰਦਰਭਾਂ ਦੀ ਪੂਰਨਤਾ ਵਿੱਚ ਨਿਰੰਤਰ ਮੁੱਲਾਂਕਣ ਹੀ ਇੱਕ ਸਫਲ ਸੰਤੁਸ਼ਟ ਜੀਵਨ ਦੀ ਸ਼ਰਤ ਹੈ। ਲੇਕਿਨ ਅਸੀਂ ਅੱਗੇ ਲਈ ਸਿੱਖਿਆ ਲੈਣ ਦੇ ਲਈ ਕਿੰਨੀ ਵਾਰ ਅਸਲ ਵਿੱਚ ਆਪਣੇ ਜੀਵਨ ਨੂੰ ਕਸੌਟੀ 'ਤੇ ਕਸਦੇ ਹਾਂ?**

ਲੌਕਡਾਊਨ ਦੌਰਾਨ ਤੁਸੀਂ ਕਿੰਨੀ ਵਾਰ ਆਪਣੇ ਮਾਤਾ-ਪਿਤਾ ਜਾਂ ਦੂਰ ਰਹਿ ਰਹੇ ਬਜ਼ੁਰਗ ਦਾਦਾ-ਦਾਦੀ ਨਾਲ ਸੰਪਰਕ ਕੀਤਾ? ਕੀ ਤੁਸੀਂ ਆਪਣੇ ਪਿੰਡ ਦੇ ਦੋਸਤਾਂ, ਆਪਣੇ ਸਹਿਪਾਠੀਆਂ ਜਾਂ ਮੁਸ਼ਕਿਲ ਵਿੱਚ ਤੁਹਾਡੇ ਨਾਲ ਖੜ੍ਹੇ ਹੋਣ ਵਾਲੇ ਆਪਣੇ ਸਹਿਯੋਗੀਆਂ ਬਾਰੇ ਸੋਚਿਆ? ਤੁਸੀਂ ਉਨ੍ਹਾਂ ਨੂੰ ਕੀ ਸਲਾਹ ਦਿੱਤੀ? ਕੀ ਤੁਸੀਂ ਇਸ ਵਿਸ਼ੇ ਵਿੱਚ ਖੁਦ ਤੋਂ ਸੰਤੁਸ਼ਟ ਹੋ?

**ਇਸ ਨੂੰ ਸਿਰਫ਼ ਇੱਕ ਆਪਦਾ ਮੰਨ ਲੈਣਾ ਸਹੀ ਨਹੀਂ ਹੋਵੇਗਾ, ਇਸ ਨੂੰ ਆਤਮ ਸੁਧਾਰ ਦੇ ਇੱਕ ਅਵਸਰ ਦੇ ਰੂਪ ਵਿੱਚ ਲੈਣਾ ਚਾਹੀਦਾ ਹੈ, ਇਸ ਵਿਸ਼ੇ ਵਿੱਚ ਤੁਹਾਡਾ ਕੀ ਦ੍ਰਿਸ਼ਟੀਕੋਣ ਹੈ?**

**5 ਕੀ ਕੋਰੋਨਾ ਅਨੁਭਵ ਨੇ ਤੁਹਾਨੂੰ ਭਵਿੱਖ ਦੀ ਕਿਸੇ ਵੀ ਸੰਭਾਵਿਤ ਆਪਦਾ ਦਾ ਸਾਹਮਣਾ ਕਰਨ ਲਈ ਉਚਿਤ ਰੂਪ ਵਿੱਚ ਤਿਆਰ ਕੀਤਾ ਹੈ?**

ਯੋਗ, ਧਿਆਨ, ਸਰੀਰਕ ਕਸਰਤ ਦੇ ਮਹੱਤਵ ਅਤੇ ਭੋਜਨ ਸ਼ੈਲੀ 'ਤੇ ਲੋਕਾਂ ਨੇ ਧਿਆਨ ਦੇਣਾ ਸ਼ੁਰੂ ਕੀਤਾ ਹੈ। ਵਰਤਮਾਨ ਦੀ ਤਰ੍ਹਾਂ ਹੀ ਭਵਿੱਖ ਦੀ ਆਪਦਾ ਲਈ ਵੀ ਤਿਆਰ ਰਹਿਣ ਦੀ ਜ਼ਰੂਰਤ ਮਹਿਸੂਸ ਕੀਤੀ ਜਾ ਰਹੀ ਹੈ। ਕੀ ਹਾਲ ਹੀ ਦੇ ਅਨੁਭਵਾਂ ਨਾਲ ਤੁਸੀਂ ਵੀ ਆਪਣੇ ਆਪ ਨੂੰ ਤਿਆਰ ਕੀਤਾ ਹੈ?

**6 ਕੀ ਤੁਸੀਂ ਜੀਵਨ ਦੇ ਧਰਮ ਨੂੰ ਸਮਝ ਲਿਆ ਹੈ?**

ਇੱਕ ਸੰਤੁਲਿਤ ਜੀਵਨ ਦਾ ਸਿਧਾਂਤਕ ਅਧਾਰ ਹੈ, ਸਹੀ-ਗਲਤ ਦੀ ਪਹਿਚਾਣ ਹੋਣਾ ਅਤੇ ਉਸ ਧਰਮ ਦਾ ਪਾਲਣ ਕਰਨਾ। ਸਾਨੂੰ ਇਨ੍ਹਾਂ ਸੰਸਕਾਰਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਉਤਾਰਨਾ ਹੈ। ਕੀ ਤੁਸੀਂ ਇਨ੍ਹਾਂ ਸੰਸਕਾਰਾਂ ਨੂੰ ਖੁਦ ਵਿੱਚ ਪਛਾਣਿਆ?

**7 ਕੀ ਤੁਸੀਂ ਆਪਣੇ ਜੀਵਨ ਦੇ ਅਧਿਆਤਮਕ ਆਯਾਮ ਨੂੰ ਮਜ਼ਬੂਤ ਕੀਤਾ ਹੈ?**

ਜੇਕਰ ਤੁਸੀਂ ਇਸ ਮਹਾਮਾਰੀ ਦੇ ਮੂਲ ਕਾਰਨ ਨੂੰ ਜਾਣਦੇ ਹੋ ਤਾਂ ਤੁਹਾਨੂੰ ਇਹ ਅਹਿਸਾਸ ਹੋਵੇਗਾ ਕਿ ਜੀਵਨ ਸਿਰਫ਼ ਭੌਤਿਕ ਉਪਭੋਗਤਾਵਾਦ ਦੇ ਪਿੱਛੇ ਭੱਜਣਾ ਹੀ ਨਹੀਂ ਹੈ। ਉਹ ਇੱਕ ਕਿਤੇ ਜ਼ਿਆਦਾ ਮਹੱਤਵਪੂਰਨ ਜੀਵਨ ਦਾ ਮਾਧਿਅਮ ਹੀ ਹੈ। ਕੀ ਤੁਸੀਂ ਆਪਣੇ ਜੀਵਨ ਵਿੱਚ ਅਜਿਹੀਆਂ ਲੋੜਾਂ ਨੂੰ ਮਹਿਸੂਸ ਕੀਤਾ ਹੈ?

**8 ਕੀ ਤੁਸੀਂ ਜਾਣਦੇ ਹੋ ਕਿ ਬੰਦੀ ਦੇ ਦੌਰਾਨ ਤੁਸੀਂ ਕੀ ਖੋਇਆ?**

ਅੱਗੇ ਦੇ ਜੀਵਨ ਨੂੰ ਦਿਸ਼ਾ ਦੇਣ ਲਈ ਇਹ ਜਾਣਨਾ ਬਹੁਤ ਲਾਜ਼ਮੀ ਹੈ। ਹਰ ਮੁਸ਼ਕਿਲ ਤੁਹਾਨੂੰ ਆਤਮ ਚਿੰਤਨ ਲਈ ਮਜਬੂਰ ਕਰਦੀ ਹੈ। ਹਰ ਕਿਸੇ ਨੂੰ ਇਹ ਜਾਣਨਾ ਵੀ ਚਾਹੀਦਾ ਹੈ ਕਿ ਇਸ ਮੁਸ਼ਕਿਲ ਲਈ ਉਹ ਖੁਦ ਕਿਸ ਹੱਦ ਤੱਕ ਜ਼ਿੰਮੇਵਾਰ ਹਨ ਅਤੇ ਮੁਸ਼ਕਿਲ ਦੇ ਉਸ ਸਮੇਂ ਵਿੱਚ ਖੁਦ ਉਸਨੇ ਕੀ ਖੋਇਆ। ਕੀ ਕੋਰੋਨਾ ਕਾਲ ਵਿੱਚ ਤੁਸੀਂ ਇਹ ਜਾਣਨ ਦੀ ਕੋਸ਼ਿਸ਼ ਕੀਤੀ?

**9 ਕੀ ਤੁਹਾਨੂੰ ਅਹਿਸਾਸ ਹੈ ਕਿ ਅਸੀਂ ਬਰਾਬਰ ਅਤੇ ਗ਼ੈਰ ਬਰਾਬਰ ਦੋਵੇਂ ਹੀ ਹਾਂ?**

ਅਸੀਂ ਜਦੋਂ ਪੈਦਾ ਹੁੰਦੇ ਹਾਂ ਉਦੋਂ ਸਭ ਇੱਕ ਬਰਾਬਰ ਹੁੰਦੇ ਹਨ, ਫਿਰ ਸਮੇਂ ਨਾਲ ਅਸਮਾਨਤਾਵਾਂ ਵਧਦੀਆਂ ਜਾਂਦੀਆਂ ਹਨ। ਕੋਰੋਨਾ ਨੇ ਪ੍ਰਭਾਵਿਤ ਤਾਂ ਸਭ ਨੂੰ ਕੀਤਾ ਹੈ, ਪਰੰਤੂ ਇਸ ਦਾ ਪ੍ਰਭਾਵ ਅਲੱਗ-ਅਲੱਗ ਹੈ। ਕੁਝ ਵਰਗਾਂ ਵਿੱਚ ਇਸ ਦਾ ਅਸਰ ਜ਼ਿਆਦਾ ਰਿਹਾ ਹੈ ਅਤੇ ਉਸ ਦੇ ਕਾਰਨ ਵੀ ਜ਼ਾਹਿਰ ਹੀ ਹਨ। ਹੋ ਸਕਦਾ ਹੈ ਤੁਹਾਡੀ ਜੀਵਨ ਸ਼ੈਲੀ ਕਾਰਨ ਦੂਜੇ ਲੋਕਾਂ 'ਤੇ ਪ੍ਰਤੀਕੂਲ ਪ੍ਰਭਾਵ ਪੈਂਦਾ ਹੋਵੇ ਅਤੇ ਉਹ ਆਪਦਾ ਦਾ ਅਸਾਨੀ ਨਾਲ ਸ਼ਿਕਾਰ ਬਣ ਜਾਣ। ਕੀ ਤੁਹਾਨੂੰ ਇਸ ਦਾ ਅਹਿਸਾਸ ਹੈ?

**10 ਕੀ ਇਹ ਮਹਾਮਾਰੀ ਇੱਕ ਆਪਦਾ ਹੈ ਜਾਂ ਸੁਧਾਰ ਦਾ ਇੱਕ ਅਵਸਰ?**

ਕੋਵਿਡ-19 ਬਾਰੇ ਕਿਸੇ ਦੇ ਵਿਚਾਰ ਉਸ ਦੇ ਵਿਅਕਤਿੱਤਵ, ਉਸ ਦੀਆਂ ਜੀਵਨ ਦੀਆਂ ਕਦਰਾਂ-ਕੀਮਤਾਂ, ਉਸ ਦੇ ਦ੍ਰਿਸ਼ਟੀਕੋਣ, ਉਸ ਦੀ ਮਾਨਸਿਕ ਸਥਿਤੀ ਅਤੇ ਉਸ ਦੇ ਆਪਣੇ ਵਿਕਾਸ ਨੂੰ ਪ੍ਰਤੀਬਿੰਬਤ ਕਰਦੇ ਹਨ। ਇਸ ਨੂੰ ਸਿਰਫ਼ ਇੱਕ ਆਪਦਾ ਭਰ ਮੰਨ ਲੈਣਾ ਸਹੀ ਨਹੀਂ ਹੋਵੇਗਾ, ਇਸ ਨੂੰ ਆਤਮ ਸੁਧਾਰ ਦੇ ਇੱਕ ਅਵਸਰ ਦੇ ਰੂਪ ਵਿੱਚ ਲੈਣਾ ਚਾਹੀਦਾ ਹੈ, ਇਸ ਵਿਸ਼ੇ ਵਿੱਚ ਤੁਹਾਡਾ ਕੀ ਦ੍ਰਿਸ਼ਟੀਕੋਣ ਹੈ। ਇਹ 10 ਸੂਤਰੀ ਪ੍ਰਸ਼ਨ ਇੱਕ ਬਾਨਗੀ ਮਾਤ੍ਰ ਹਨ ਜਿਸ ਨਾਲ ਅਸੀਂ ਆਤਮ ਵਿਸ਼ਲੇਸ਼ਣ ਕਰ ਸਕਦੇ ਹਾਂ ਆਤਮ ਪਰੀਖਿਆ ਨਾਲ ਅਸੀਂ ਇਹ ਜਾਣ ਸਕਦੇ ਹਾਂ ਕਿ ਅਸੀਂ ਖੁਦ ਕਿੱਥੇ ਖੜ੍ਹੇ ਹਾਂ ਅਤੇ ਅਜਿਹੀ ਆਪਦਾ ਲਈ ਕਿੰਨੇ ਤਿਆਰ ਹਾਂ। ਜਿਵੇਂ ਕਿ ਸੀ ਐੱਸ ਲੁਈਸ ਨੇ ਕਿਹਾ ਕਿ ਹੁਣ ਕੋਈ ਅਤੀਤ ਵਿੱਚ ਜਾ ਕੇ ਸ਼ੁਰੂਆਤ ਨੂੰ ਤਾਂ ਬਦਲ ਨਹੀਂ ਸਕਦਾ, ਪਰ ਤੁਸੀਂ ਜਿੱਥੇ ਖੜ੍ਹੇ ਹੋ, ਉੱਥੋਂ ਆਪਣੀ ਕਿਸਮਤ ਨੂੰ ਜ਼ਰੂਰ ਬਦਲ ਸਕਦੇ ਹੋ। ਆਓ, ਇਸ ਕੋਰੋਨਾ ਕਾਲ ਵਿੱਚ ਆਪਣੇ ਅਨੁਭਵ, ਆਪਣੇ ਵਿਚਾਰ ਸਾਂਝੇ ਕਰੀਏ। ਇਹ ਬਹੁਤ ਉਪਯੋਗੀ ਰਹੇਗਾ। ਮੇਰੇ ਲੇਖ ਦਾ ਉਦੇਸ਼ ਹੀ ਸੀ ਕਿ ਅਸੀਂ ਪਿੱਛੇ ਮੁੜ ਕੇ ਦੇਖੀਏ ਅਤੇ ਅੱਗੇ ਵਧੀਏ।

**ਆਓ ਇਨ੍ਹਾਂ ਵਿਚਾਰਾਂ ਨੂੰ ਰੀਸੈੱਟ ਕਰੀਏ, ਭਾਰਤ ਨੂੰ ਰੀਸੈੱਟ ਕਰੀਏ।**

**ਅਬਰਟ ਆਈਂਸਟੀਨ ਨੇ ਕਿਹਾ ਸੀ ਕਿ ਜੀਵਨ ਇੱਕ ਸਾਇਕਲ ਦੀ ਤਰ੍ਹਾਂ ਹੈ ਅਤੇ ਆਪਣਾ ਸੰਤੁਲਨ ਬਣਾਈ ਰੱਖਣ ਲਈ ਤੁਹਾਨੂੰ ਹਮੇਸ਼ਾ ਅੱਗੇ ਵਧਦੇ ਰਹਿਣਾ ਹੈ। ਸਾਨੂੰ ਵੀ ਜੀਵਨ ਦੇ ਨਾਲ ਅੱਗੇ ਵਧਦੇ ਜਾਣਾ ਹੈ ਅਤੇ ਬੀਤੇ 5 ਮਹੀਨਿਆਂ ਦੇ ਅਨੁਭਵ ਤੋਂ ਪ੍ਰਾਪਤ ਨਵੀਆਂ ਸਮਾਨਤਾਵਾਂ ਦੇ ਨਾਲ, ਭਵਿੱਖ ਨੂੰ ਵੀ ਸੁਰੱਖਿਅਤ ਕਰਨਾ ਹੈ।**

**ਉੱਦਮੀ ਮੋਇਨ ਕਾਜ਼ੀ ਦੇ ਕਥਨ ਦਾ ਜ਼ਿਕਰ ਕਰਨਾ ਚਾਹਾਂਗਾ ਉਨ੍ਹਾਂ ਦਾ ਮੰਨਣਾ ਹੈ ਕਿ ਇਸ ਦਾ ਇੱਕ ਸਕਾਰਾਤਮਕ ਪੱਖ ਵੀ ਹੈ। ਇਕਾਂਤ ਵਿੱਚ ਹੀ ਸਾਡਾ ਦਿਮਾਗ ਸਭ ਤੋਂ ਜ਼ਿਆਦਾ ਸਰਗਰਮ ਹੁੰਦਾ ਹੈ ਅਤੇ ਵਿਸ਼ਲੇਸ਼ਣ ਸਾਫ਼ ਅਤੇ ਤੇਜ਼ੀ ਨਾਲ ਹੁੰਦਾ ਹੈ ਅਤੇ ਨਵੇਂ ਵਿਚਾਰਾਂ ਦੀ ਇੱਕ ਨਵੀਂ ਫਸਲ ਜਿਹੀ ਪੈਦਾ ਹੋ ਜਾਂਦੀ ਹੈ। ਤੁਸੀਂ ਇੱਕ ਦੂਰੀ ਤੋਂ ਹੀ ਵਿਸ਼ਵ ਨੂੰ ਉਸ ਦੀ ਸੰਪੂਰਨਤਾ ਵਿੱਚ ਦੇਖ ਸਕਦੇ ਹੋ।**

ਪੂਰਾ ਲੇਖ ਪੜ੍ਹਨ ਲਈ ਇਸ ਲਿੰਕ 'ਤੇ ਜਾਓ https://www.facebook.com/VPOI13/posts/729280677639848?__tn__=K-R

# ਕੋਰੋਨਾ ਨਾਲ ਲੜਾਈ ਵਿੱਚ ਅਸੀਂ ਦੁਨੀਆ ਤੋਂ ਅੱਗੇ



**ਵਕਤ ਰਹਿੰਦੇ ਲਏ ਗਏ ਲੌਕਡਾਊਨ ਦੇ ਫੈਸਲੇ ਅਤੇ ਸਿਹਤ ਢਾਂਚੇ ਨਾਲ ਜੁੜੀਆਂ ਤਿਆਰੀਆਂ ਨੇ ਭਾਰਤ ਨੂੰ ਕੋਰੋਨਾ ਦੀ ਭਿਆਨਕਤਾ ਤੋਂ ਬਚਾਇਆ ਤਾਂ ਹੁਣ ਵਿਸ਼ਵ ਸਿਹਤ ਸੰਗਠਨ ਅਤੇ ਦੁਨੀਆ ਦੇ ਅੰਕੜੇ ਦੱਸ ਰਹੇ ਹਨ ਕਿ ਭਾਰਤ ਨੇ ਕਿਸ ਤਰ੍ਹਾਂ ਨਾਲ ਕੋਰੋਨਾ ਨਾਲ ਨਜਿੱਠਣ ਵਿੱਚ ਆਪਣੀ ਸਥਿਤੀ ਬਣਾਈ ਬਿਹਤਰ, ਹੁਣ ਪ੍ਰਧਾਨ ਮੰਤਰੀ ਮੋਦੀ ਨੇ ਵੈਕਸੀਨ ਆਉਣ ਦੇ ਬਾਅਦ ਤੱਕ ਦੀਆਂ ਤਿਆਰੀਆਂ ਨੂੰ ਵੀ ਦਿੱਤਾ ਅੰਜਾਮ**

ਜਦੋਂ ਕੋਰੋਨਾ ਦੁਨੀਆ ਦੇ ਅਨੇਕ ਦੇਸ਼ਾਂ ਵਿੱਚ ਚਰਚਾ ਦਾ ਵਿਸ਼ਾ ਵੀ ਨਹੀਂ ਬਣਿਆ ਸੀ, ਉਦੋਂ ਭਾਰਤ ਨੇ ਇਸ ਨਾਲ ਨਜਿੱਠਣ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਸਨ, ਫੈਸਲੇ ਲੈਣੇ ਸ਼ੁਰੂ ਕਰ ਦਿੱਤੇ ਸਨ। ਅਸੀਂ ਇੱਕ-ਇੱਕ ਭਾਰਤੀ ਦੀ ਜ਼ਿੰਦਗੀ ਨੂੰ ਬਚਾਉਣ ਲਈ ਦਿਨ-ਰਾਤ ਮਿਹਨਤ ਕੀਤੀ ਹੈ। ਹਰ ਦੇਸ਼ਵਾਸੀ ਦੇ ਸੰਜਮ, ਅਨੇਕ ਥਾਵਾਂ 'ਤੇ ਪ੍ਰਸ਼ਾਸਨ ਦੀ ਤਤਪਰਤਾ ਅਤੇ ਸਾਡੇ ਕੋਰੋਨਾ ਜੋਧਿਆਂ ਦੇ ਸਮਰਪਣ ਦੀ ਵਜ੍ਹਾ ਨਾਲ ਅਸੀਂ ਹਾਲਾਤ ਨੂੰ ਨਿਯੰਤਰਣ ਤੋਂ ਬਾਹਰ ਨਹੀਂ ਜਾਣ ਦਿੱਤਾ ਹੈ।" ਭਾਰਤ ਦੀ ਸਮਰੱਥਾ ਪ੍ਰਤੀ ਭਰੋਸੇਮੰਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਮੁੱਖ ਮੰਤਰੀਆਂ ਨਾਲ ਮੀਟਿੰਗ ਵਿੱਚ 16 ਜੂਨ ਨੂੰ ਇਹ ਗੱਲ ਕਹੀ। ਮਹਿਜ਼ 6 ਦਿਨ ਬਾਅਦ ਹੀ 22 ਜੂਨ ਤੇ 6 ਜੁਲਾਈ ਨੂੰ ਵਿਸ਼ਵ ਸਿਹਤ ਸੰਗਠਨ (ਡਬਲਿਊਐੱਚਓ) ਦੀ ਰਿਪੋਰਟ ਅਤੇ ਫਿਰ 30 ਜੁਲਾਈ ਨੂੰ ਜਾਰੀ ਅੰਕੜਿਆਂ ਨੇ ਵੀ ਇਸ 'ਤੇ ਮੋਹਰ ਲਗਾਈ ਤਾਂ ਦੁਨੀਆ ਦੇ ਹੋਰ ਦੇਸ਼ ਵੀ ਭਾਰਤ ਦੀਆਂ ਤਿਆਰੀਆਂ ਦੀ ਤਾਰੀਫ਼ ਕਰ ਰਹੇ ਹਨ।



**ਸਮੇਂ 'ਤੇ ਉਠਾਏ ਗਏ ਸਹੀ ਕਦਮਾਂ ਕਾਰਨ ਅਸੀਂ ਸਾਰੇ ਇਸ ਵੱਡੇ ਖਤਰੇ ਦਾ ਮੁਕਾਬਲਾ ਕਰ ਸਕੇ ਹਾਂ। ਲੌਕਡਾਊਨ ਦੇ ਦੌਰਾਨ ਜਨਤਾ ਨੇ ਜੋ ਅਨੁਸ਼ਾਸਨ ਦਿਖਾਇਆ ਹੈ, ਉਸਨੇ ਵਾਇਰਸ ਦੇ ਪਸਾਰ ਨੂੰ ਰੋਕਿਆ ਹੈ। ਚਾਹੇ ਇਲਾਜ ਦੀ ਵਿਵਸਥਾ ਹੋਵੇ, ਹੈਲਥ ਇਨਫਰਾਸਟਰਕਚਰ ਟ੍ਰੇਨਿੰਗ ਪ੍ਰਾਪਤ ਹੋਵੇ ਜਾਂ ਸਿੱਖਿਅਤ ਲੋਕ, ਅੱਜ ਅਸੀਂ ਕਿਧਰੇ ਜ਼ਿਆਦਾ ਸੰਭਾਲੀ ਹੋਈ ਸਥਿਤੀ ਵਿੱਚ ਹਾਂ। ਦੁਨੀਆ ਦੇ ਵੱਡੇ-ਵੱਡੇ ਮਾਹਿਰ, ਸਿਹਤ ਦੇ ਜਾਣਕਾਰ ਅੱਜ ਲੌਕਡਾਊਨ ਅਤੇ ਭਾਰਤ ਦੇ ਲੋਕਾਂ ਦੇ ਅਨੁਸ਼ਾਸਨ ਦੀ ਚਰਚਾ ਕਰ ਰਹੇ ਹਨ। -ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

### ਟੀਕਾ ਆਵੇਗਾ ਤਾਂ ਕਿਵੇਂ ਹੋਵੇਗਾ ਟੀਕਾਕਰਨ, 4 ਤਰੀਕੇ ਪੀਐੱਮ ਨੇ ਦੱਸੇ

**ਪਹਿਲਾ**-ਅਤਿਸੰਵੇਦਨਸ਼ੀਲ ਸਮੂਹਾਂ ਯਾਨੀ ਕੋਰੋਨਾ ਜੋਧਿਆਂ ਨੂੰ ਪ੍ਰਾਥਮਿਕਤਾ।

**ਦੂਸਰਾ**-ਕਿਸੇ ਦਾ ਵੀ, ਕਿਧਰੇ ਵੀ ਟੀਕਾਕਰਨ ਕੀਤਾ ਜਾਵੇ।

**ਤੀਸਰਾ**-ਕਿਫਾਇਤੀ-ਯੂਨੀਵਰਸਲ ਯਾਨੀ ਕੋਈ ਵੀ ਵਿਅਕਤੀ ਛੁਟੇ ਨਾ।

**ਚੌਥਾ**-ਉਤਪਾਦਨ ਤੋਂ ਲੈ ਕੇ ਟੀਕਾਕਰਨ ਤੱਕ ਆਈਟੀ ਜ਼ਰੀਏ ਸਮੁੱਚੀ ਨਿਗਰਾਨੀ।

### ਭਾਰਤ : ਕੋਰੋਨਾ ਨਾਲ ਜੰਗ

5 ਅਗਸਤ ਤੱਕ ਦੇ ਅੰਕੜੇ




ਕੁੱਲ ਜਾਂਚ ਲੈਬ

**1366**

920 ਸਰਕਾਰੀ | 446 ਨਿਜੀ

ਕੁੱਲ ਜਾਂਚ

**2.15**


ਕਰੋੜ ਤੋਂ ਜ਼ਿਆਦਾ

ਜਾਂਚ ਔਸਤ- 5-6.5 ਲੱਖ ਤੱਕ

**586298** ਕੁੱਲ ਐਕਟਿਵ ਮਰੀਜ਼

**1282215** ਕੁੱਲ ਰਿਕਵਰੀ

ਭਾਰਤ ਵਿੱਚ 30.72 ਫੀਸਦੀ ਐਕਟਿਵ ਮਰੀਜ਼ਾਂ ਦੀ ਸੰਖਿਆ



**12** ਲੱਖ ਮਰੀਜ਼ ਹੋ ਚੁੱਕੇ ਹਨ ਠੀਕ

**8.89**/ ਭਾਰਤ ਵਿੱਚ ਔਸਤ ਪਾਜ਼ਿਟਿਵਿਟੀ ਦਰ

**67%** ਪਹੁੰਚੀ ਰਿਕਵਰੀ ਦਰ, ਲੌਕਡਾਊਨ ਇੱਕ ਦੇ ਦੌਰਾਨ 11 ਪ੍ਰਤੀਸ਼ਤ ਸੀ

**88.86%** ਪਹੁੰਚੀ ਕੇਂਦਰ ਦੇ ਦਖ਼ਲ ਬਾਅਦ ਦਿੱਲੀ ਦੀ ਰਿਕਵਰੀ ਦਰ, ਦੇਸ਼ ਵਿੱਚ ਸਭ ਤੋਂ ਜ਼ਿਆਦਾ

**2.09%** ਹੈ ਭਾਰਤ ਦੀ ਮੌਤ ਦਰ, ਪੂਰੀ ਦੁਨੀਆ ਵਿੱਚ ਇਹ ਅੰਕੜਾ 4 ਫੀਸਦੀ

- ਭਾਰਤ ਵਿੱਚ ਪ੍ਰਤੀ 10 ਲੱਖ ਅਬਾਦੀ 'ਤੇ 1152 ਮਾਮਲੇ ਹਨ ਤਾਂ ਦੁਨੀਆ ਦਾ ਔਸਤ 2209 ਹੈ।
- ਜਦੋਂਕਿ ਅਮਰੀਕਾ ਵਿੱਚ 13798, ਬ੍ਰਾਜ਼ੀਲ ਵਿੱਚ 12016, ਯੂਰਪ ਵਿੱਚ 3835 ਹਨ।
- ਪ੍ਰਤੀ 10 ਲੱਖ ਵਿੱਚ ਦੁਨੀਆ ਵਿੱਚ 86.1, ਜਦਕਿ ਭਾਰਤ ਵਿੱਚ 25 ਮੌਤਾਂ ਹੋ ਰਹੀਆਂ ਹਨ।

ਸਰੋਤ : ਵਿਸ਼ਵ ਸਿਹਤ ਸੰਗਠਨ



# ਸਬਕਾ ਸਾਥ ਸਬਕਾ ਵਿਕਾਸ ਸਬਕਾ ਵਿਸ਼ਵਾਸ

## ਆਲਮੀ ਮੰਚ 'ਤੇ ਛਾਇਆ ਭਾਰਤ ਦਾ ਮੰਤਰ

ਯੂਐੱਨ ਵਿੱਚ ਪ੍ਰਧਾਨ ਮੰਤਰੀ ਦਾ ਪੂਰਾ ਸੰਬੋਧਨ ਸੁਣਨ ਲਈ QR ਕੋਡ ਸਕੈਨ ਕਰੋ

**ਸੰਯੁਕਤ ਰਾਸ਼ਟਰ ਆਰਥਿਕ ਅਤੇ ਸਮਾਜਿਕ ਪਰਿਸ਼ਦ ਹੋਵੇ ਜਾਂ ਫਿਰ ਯੂਐੱਸ-ਇੰਡੀਆ ਬਿਜ਼ਨਸ ਕੌਂਸਲ ਜਾਂ ਯੂਰਪੀ ਯੂਨੀਅਨ ਦਾ ਫੋਰਮ, ਹਰ ਆਲਮੀ ਮੰਚ 'ਤੇ ਭਾਰਤ ਨੇ ਆਪਣੀ ਵਸੁਧੈਵ ਕੁਟੁੰਬਕਮ ਦੀ ਭਾਵਨਾ ਨੂੰ ਦੁਹਰਾਇਆ ਹੈ। ਪਿਛਲੇ ਛੇ ਸਾਲ ਵਿੱਚ ਭਾਰਤ ਦੀਆਂ ਅਹਿਮ ਉਪਲੱਬਧੀਆਂ ਵੀ ਦੁਨੀਆ ਦੇ ਇਨ੍ਹਾਂ ਮੰਚਾਂ 'ਤੇ ਛਾਈਆਂ, ਜਿੱਥੇ ਭਾਰਤ ਨੇ ਤੱਥਾਂ ਨਾਲ ਦੱਸਿਆ ਕਿ ਕਿਵੇਂ ਟਿਕਾਊ ਵਿਕਾਸ ਟੀਚੇ (ਐੱਸਡੀਜੀ) ਦੇ ਆਦਰਸ਼ ਵਾਕ-'ਕੋਈ ਪਿੱਛੇ ਨਾ ਛੁਟੇ' ਦੇ ਸਿਧਾਂਤ ਵੱਲ ਹਰ ਭਾਰਤੀ ਅਤੇ ਵਿਸ਼ਵ ਭਲਾਈ ਲਈ 'ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ' ਹੀ ਉਦੇਸ਼ ਬਣ ਗਿਆ ਹੈ। ਜਿਸ ਦਾ ਨਤੀਜਾ ਹੈ ਕਿ ਆਤਮਨਿਰਭਰ ਭਾਰਤ ਅਭਿਯਾਨ ਸ਼ੁਰੂ ਹੋਇਆ ਤਾਂ ਭਾਰਤ ਵਿੱਚ ਰਿਕਾਰਡ ਵਿਦੇਸ਼ੀ ਨਿਵੇਸ਼ ਹੋ ਰਿਹਾ, ਜੋ ਦੁਨੀਆ ਵਿੱਚ ਭਾਰਤ ਦੀ ਵਧਦੀ ਸਾਖ ਦਾ ਪ੍ਰਤੀਕ ਬਣ ਰਿਹਾ।**

ਮਹਾਮਾਰੀ ਦੇ ਪ੍ਰਕੋਪ ਨੇ ਸੰਯੁਕਤ ਰਾਸ਼ਟਰ ਦੇ ਪੁਨਰਜਨਮ ਅਤੇ ਸੁਧਾਰ ਦੇ ਨਵੇਂ ਅਵਸਰ ਪ੍ਰਦਾਨ ਕੀਤੇ ਹਨ।" ਭਾਰਤ ਦੀ 17 ਜੂਨ ਨੂੰ ਸੰਯੁਕਤ ਰਾਸ਼ਟਰ ਦੀ ਸਭ ਤੋਂ ਅਹਿਮ ਸੁਰੱਖਿਆ ਪਰਿਸ਼ਦ ਦੀ ਅਸਥਾਈ ਮੈਂਬਰ ਦੇ ਤੌਰ 'ਤੇ 192 ਵਿੱਚੋਂ 184 ਦੇਸ਼ਾਂ ਦਾ ਵੋਟ ਹਾਸਲ ਕਰਕੇ ਜਿੱਤ ਦਰਜ ਕਰਨ ਤੋਂ ਠੀਕ ਇੱਕ ਮਹੀਨੇ ਬਾਅਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪਹਿਲੀ ਵਾਰ ਇਸ ਆਲਮੀ ਮੰਚ ਤੋਂ ਦੁਨੀਆ ਨੂੰ ਨਵੀਂ ਰਾਹ ਦਿਖਾਈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਮੂਲ ਰੂਪ ਨਾਲ ਸੰਯੁਕਤ ਰਾਸ਼ਟਰ ਦਾ ਉਦੈ ਦੂਜੇ ਵਿਸ਼ਵ ਯੁੱਧ ਦੇ ਰੋਸ ਨਾਲ ਹੋਇਆ ਸੀ। ਅਜਿਹੇ ਵਿੱਚ ਅੱਜ ਮਹਾਮਾਰੀ ਦਾ ਪ੍ਰਕੋਪ ਇਸ ਦੇ ਪੁਨਰਜਨਮ ਅਤੇ ਸੁਧਾਰ ਦਾ ਪਿਛੋਕੜ ਤਿਆਰ ਕਰਦਾ ਹੈ, ਜਿਸ ਨੂੰ ਗਵਾਉਣਾ ਨਹੀਂ ਚਾਹੀਦਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਨੂੰ ਇਸ ਮਹੱਤਵਪੂਰਨ ਸਮੇਂ ਵਿੱਚ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਵਿੱਚ ਚੁਣਿਆ ਗਿਆ ਹੈ। ਅਜਿਹੇ ਵਿੱਚ ਆਲਮੀ ਤਾਲਮੇਲ ਬਣਾ ਕੇ ਰੱਖਣ, ਸਮਾਜਿਕ-ਆਰਥਿਕ ਸਮਾਨਤਾ ਵਿੱਚ ਸੁਧਾਰ ਅਤੇ ਪ੍ਰਕਿਰਤੀ ਦੇ ਸੰਤੁਲਨ ਨੂੰ ਬਣਾਈ ਰੱਖਣ ਦੀ ਗਹਿਰੀ ਪ੍ਰਤੀਬੱਧਤਾ ਨਾਲ ਭਾਰਤ ਸੰਯੁਕਤ ਰਾਸ਼ਟਰ ਦੇ ਏਜੰਡੇ ਦੇ ਪੂਰਨ ਸਮਰਥਨ ਵਿੱਚ ਆਪਣੀ ਭੂਮਿਕਾ ਨਿਭਾਏਗਾ। ਸੰਯੁਕਤ ਰਾਸ਼ਟਰ ਆਰਥਿਕ ਅਤੇ ਸਮਾਜਿਕ ਪਰਿਸ਼ਦ (ਈਸੀਓਐੱਸਓਸੀ) ਸੈਸ਼ਨ ਦੇ ਇਸ ਸਾਲ ਦਾ ਵਿਸ਼ਾ ਸੀ-"ਕੋਵਿਡ-19 ਦੇ ਬਾਅਦ ਬਹੁਪੱਖਵਾਦ : 75ਵੀਂ ਵਰ੍ਹੇਗੰਢ 'ਤੇ ਸਾਨੂੰ ਕਿਸ ਪ੍ਰਕਾਰ ਦੇ ਸੰਯੁਕਤ ਰਾਸ਼ਟਰ ਦੀ ਲੋੜ ਹੈ।" ਪ੍ਰਧਾਨ ਮੰਤਰੀ ਨੇ ਖਾਸ ਤੌਰ 'ਤੇ ਇਸ ਗੱਲ ਦਾ ਜ਼ਿਕਰ ਕੀਤਾ ਕਿ ਟਿਕਾਊ ਵਿਕਾਸ ਦੇ ਟੀਚੇ (ਐੱਸਡੀਜੀ) ਦੀ ਸਫਲਤਾ ਵਿੱਚ ਵੱਡੀ ਅਬਾਦੀ ਵਾਲੇ ਭਾਰਤ ਦੀ ਵੱਡੀ ਜਨਸੰਖਿਆ ਵਿੱਚ ਸਮਾਜਿਕ ਆਰਥਿਕ ਸੰਕੇਤਕਾਂ ਵਿੱਚ ਸੁਧਾਰ ਆਇਆ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ'ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ' ਮੂਲ ਮੰਤਰ ਹੈ ਜੋ ਐੱਸਡੀਜੀ ਦੇ ਆਦਰਸ਼ ਵਾਕ-'ਕੋਈ ਪਿੱਛੇ ਨਾ ਛੁਟੇ' ਜਿਹਾ ਹੀ ਹੈ। ਆਤਮਨਿਰਭਰ ਭਾਰਤ ਅਭਿਯਾਨ ਦੀ ਬਦੌਲਤ ਹੁਣ ਭਾਰਤ ਅੱਗੇ ਵਧ ਰਿਹਾ ਹੈ। ਭਾਰਤ ਦੂਜੇ ਵਿਸ਼ਵ ਯੁੱਧ ਦੇ ਤੁਰੰਤ ਬਾਅਦ ਸੰਯੁਕਤ ਰਾਸ਼ਟਰ ਦੇ 50 ਸੰਸਥਾਪਕ ਮੈਂਬਰਾਂ ਵਿੱਚੋਂ ਇੱਕ ਸੀ। ਉਸ ਦੇ ਬਾਅਦ ਤੋਂ ਕਾਫ਼ੀ ਕੁਝ ਬਦਲ ਗਿਆ ਹੈ। ਅੱਜ ਸੰਯੁਕਤ ਰਾਸ਼ਟਰ 193 ਮੈਂਬਰ ਦੇਸ਼ਾਂ ਨੂੰ ਨਾਲ ਲਿਆਇਆ ਹੈ। ਇਸ ਦੀ ਮੈਂਬਰਸ਼ਿਪ ਨਾਲ ਹੀ ਸੰਗਠਨ ਤੋਂ ਉਮੀਦਾਂ ਵੀ ਵਧੀਆਂ ਹਨ। ਉੱਥੇ ਬਹੁਪੱਖਵਾਦ ਅੱਜ ਕਈ

# ਦੁਨੀਆ ਦੇ ਸਾਹਮਣੇ ਭਾਰਤ ਦੀਆਂ ਅਹਿਮ ਉਪਲੱਬਧੀਆਂ



- ਮਹਾਤਮਾ ਗਾਂਧੀ ਦੀ 150ਵੀਂ ਵਰ੍ਹੇਗੰਢ 'ਤੇ 6 ਲੱਖ ਪਿੰਡਾਂ ਵਿੱਚ ਸੰਪੂਰਨ ਸਵੱਛਤਾ ਕਵਰੇਜ ਹਾਸਲ ਕੀਤੀ
- ਪੰਜ ਸਾਲਾਂ ਵਿੱਚ 11 ਕਰੋੜ ਤੋਂ ਜ਼ਿਆਦਾ ਘਰੇਲੂ ਪਖਾਨਿਆਂ ਦਾ ਨਿਰਮਾਣ ਹੋਇਆ ਜਿਸ ਨਾਲ ਗ੍ਰਾਮੀਣ ਸਵੱਛਤਾ ਕਵਰੇਜ 38 ਤੋਂ 100 ਫੀਸਦੀ ਤੱਕ ਪਹੁੰਚੀ।
- ਪ੍ਰਾਇਮਰੀ ਅਤੇ ਸੈਕੰਡਰੀ ਸਿੱਖਿਆ ਵਿੱਚ ਲੈਂਗਿਕ ਸਮਾਨਤਾ ਹੋਈ ਹੈ ਅਤੇ ਗ੍ਰਾਮੀਣ ਭਾਰਤ ਵਿੱਚ ਲਗਭਗ 7 ਕਰੋੜ ਮਹਿਲਾਵਾਂ ਸਾਡੇ ਆਜੀਵਿਕਾ ਮਿਸ਼ਨ ਤਹਿਤ ਸੈਲਫ ਹੈਲਪ ਗਰੁੱਪ ਦਾ ਹਿੱਸਾ ਹਨ। 10 ਲੱਖ ਤੋਂ ਜ਼ਿਆਦਾ ਮਹਿਲਾਵਾਂ ਸਥਾਨਕ ਸਰਕਾਰਾਂ ਦੀਆਂ ਪ੍ਰਤੀਨਿਧ ਚੁਣੀਆਂ ਜਾਂਦੀਆਂ ਹਨ।
- 6 ਸਾਲਾਂ ਵਿੱਚ 40 ਕਰੋੜ ਤੋਂ ਜ਼ਿਆਦਾ ਬੈਂਕ ਖਾਤੇ ਖੋਲ੍ਹੇ, ਜਿਸ ਵਿੱਚ 22 ਕਰੋੜ ਮਹਿਲਾਵਾਂ ਦੀ ਮਲਕੀਅਤ ਵਾਲੇ ਹਨ। ਕੋਵਿਡ ਦੇ ਦੌਰ ਵਿੱਚ ਗ਼ਰੀਬ ਘਰਾਂ ਵਿੱਚ ਲਾਭ ਨੂੰ ਸਰਬਉੱਚ ਪ੍ਰਾਥਮਿਕਤਾ ਦਿੱਤੀ।
- ਵਿੱਤੀ ਸਮਾਵੇਸ਼ਨ ਲਈ ਟੈਕਨੋਲੋਜੀ ਦੀ ਮਦਦ ਨਾਲ ਤਿੰਨ ਬਿੰਦੂਆਂ-ਇੱਕ ਵਿਸ਼ੇਸ਼ ਪਹਿਚਾਣ ਸੰਖਿਆ (ਆਧਾਰ), ਇੱਕ ਬੈਂਕ ਖਾਤਾ ਅਤੇ ਸਾਰਿਆਂ ਲਈ ਮੋਬਾਈਲ ਕਨੈਕਸ਼ਨ 'ਤੇ ਅਧਾਰਿਤ ਹੈ। ਇਸ ਨਾਲ ਅਸੀਂ 70 ਕਰੋੜ ਤੋਂ ਜ਼ਿਆਦਾ ਲੋਕਾਂ ਨੂੰ 150 ਅਰਬ ਡਾਲਰ ਦਾ ਪ੍ਰਤੱਖ ਲਾਭ ਟਰਾਂਸਫਰ ਕਰ ਰਹੇ ਹਾਂ।

**ਅਰਥਵਿਵਸਥਾ ਨੂੰ ਪਟੜੀ 'ਤੇ ਲਿਆਉਣ, ਬੁਨਿਆਦੀ ਢਾਂਚੇ ਦੇ ਨਿਰਮਾਣ ਅਤੇ ਆਈਟੀ ਸੰਚਾਲਿਤ ਪ੍ਰਣਾਲੀ ਨੂੰ ਸਥਾਪਿਤ ਕਰਨ ਲਈ 300 ਅਰਬ ਡਾਲਰ ਤੋਂ ਜ਼ਿਆਦਾ ਦੇ ਪੈਕੇਜ ਦਾ ਐਲਾਨ।**

**ਸਾਰਿਆਂ ਲਈ 2022 ਆਵਾਸ ਪ੍ਰੋਗਰਾਮ ਤਹਿਤ 40 ਮਿਲੀਅਨ ਨਵੇਂ ਮਕਾਨ ਬਣਾਏ ਜਾਣਗੇ ਜੋ ਕਈ ਦੇਸ਼ਾਂ ਵਿੱਚ ਕੁੱਲ ਮਕਾਨਾਂ ਦੀ ਸੰਖਿਆ ਤੋਂ ਜ਼ਿਆਦਾ ਹਨ।**

- ਭੋਜਨ ਸੁਰੱਖਿਆ ਪ੍ਰੋਗਰਾਮ 81.3 ਕਰੋੜ ਨਾਗਰਿਕਾਂ ਤੱਕ ਪਹੁੰਚਦਾ ਹੈ।
- 'ਆਯੁਸ਼ਮਾਨ ਭਾਰਤ' ਦੁਨੀਆ ਦਾ ਸਭ ਤੋਂ ਵੱਡਾ ਸਿਹਤ ਸੁਰੱਖਿਆ ਪ੍ਰੋਗਰਾਮ ਹੈ, ਜਿਸ ਵਿੱਚ 50 ਕਰੋੜ ਲੋਕ ਸ਼ਾਮਲ ਹਨ। ਕੋਵਿਡ ਦੇ ਖ਼ਿਲਾਫ਼ ਲੜਾਈ ਵਿੱਚ ਪਿੰਡ-ਪਿੰਡ ਤੱਕ ਪਹੁੰਚੀ ਸਿਹਤ ਪ੍ਰਣਾਲੀ ਭਾਰਤ ਨੂੰ ਦੁਨੀਆ ਵਿੱਚ ਸਭ ਤੋਂ ਜ਼ਿਆਦਾ ਰਿਕਵਰੀ ਰੇਟ ਵਿੱਚੋਂ ਇੱਕ ਸੁਨਿਸ਼ਚੀਤ ਕਰਨ ਵਿੱਚ ਮਦਦ ਕਰ ਰਹੀ ਹੈ। 2025 ਤੱਕ ਟੀਬੀ ਖਤਮ ਕਰਨ ਲਈ ਵੀ ਕੰਮ ਕਰ ਰਹੇ ਹਾਂ।
- ਪਿਛਲੇ ਕੁਝ ਸਾਲਾਂ ਵਿੱਚ ਭਾਰਤ ਨੇ ਸਲਾਨਾ 38 ਮਿਲੀਅਨ ਟਨ ਕਾਰਬਨ ਨਿਕਾਸੀ ਘੱਟ ਕੀਤੀ ਹੈ। ਇਹ ਪਿੰਡਾਂ ਦਾ ਬਿਜਲੀਕਰਨ ਕਰਨ, 8 ਕਰੋੜ ਗ਼ਰੀਬ ਪਰਿਵਾਰਾਂ ਨੂੰ ਸਵੱਛ ਖਾਣਾ ਪਕਾਉਣ ਦੇ ਈਂਧਣ ਪ੍ਰਦਾਨ ਕਰਨ ਅਤੇ ਦਕਸ਼ ਊਰਜਾ ਉਪਾਵਾਂ ਦੀ ਸ਼ੁਰੂਆਤ ਨਾਲ ਪ੍ਰਾਪਤ ਕੀਤਾ ਗਿਆ।
- ਸੰਕਟ ਵਿੱਚ ਹਮੇਸ਼ਾ ਭਾਰਤ ਨੇ ਆਪਣੇ ਦੋਸਤ ਦੇਸ਼ਾਂ ਲਈ ਪਹਿਲਾਂ ਮਦਦ ਦਾ ਹੱਥ ਵਧਾਇਆ ਹੈ। ਭੁਚਾਲ, ਚੱਕਰਵਾਤ ਜਾਂ ਕੋਈ ਹੋਰ ਕੁਦਰਤੀ ਜਾਂ ਮਾਨਵ ਸੰਕਟ ਵਿੱਚ ਭਾਰਤ ਨੇ ਤੇਜ਼ੀ ਨਾਲ ਮਦਦ ਕੀਤੀ। ਕੋਵਿਡ ਦੇ ਖ਼ਿਲਾਫ਼ ਸੰਯੁਕਤ ਲੜਾਈ ਵਿੱਚ ਭਾਰਤ ਨੇ 150 ਤੋਂ ਜ਼ਿਆਦਾ ਦੇਸ਼ਾਂ ਨੂੰ ਮੈਡੀਕਲ ਅਤੇ ਹੋਰ ਸਹਾਇਤਾ ਪਹੁੰਚਾਈ ਤਾਂ ਆਪਣੇ ਗੁਆਂਢ ਲਈ ਸਾਰਕ ਕੋਵਿਡ ਐਮਰਜੈਂਸੀ ਫੰਡ ਬਣਾਉਣ ਵਿੱਚ ਵੀ ਮਦਦ ਕੀਤੀ।
- ਭਾਰਤ ਨੇ ਆਲਮੀ ਅਰਥਵਿਵਸਥਾ ਨਾਲ ਏਕੀਕ੍ਰਿਤ 'ਆਤਮਨਿਰਭਰ ਭਾਰਤ' ਦੇ ਦ੍ਰਿਸ਼ਟੀਕੋਣ ਨੂੰ ਸਾਹਮਣੇ ਰੱਖਿਆ ਹੈ।

**ਪ੍ਰਕਿਰਤੀ ਨਾਲ ਸਦਭਾਵਨਾ ਤਹਿਤ ਭਾਰਤ ਨੇ ਸਿੰਗਲ ਯੂਜ਼ ਪਲਾਸਟਿਕ ਨੂੰ ਰੋਕਣ ਅਤੇ ਸਵੱਛਤਾ ਦੇ ਅਭਿਯਾਨ ਦੇ ਤੌਰ 'ਤੇ ਚਲਾਇਆ ਹੈ।**

ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਭਾਰਤ ਨੇ ਸੰਯੁਕਤ ਰਾਸ਼ਟਰ ਦੇ ਵਿਕਾਸ ਕਾਰਜਾਂ ਅਤੇ ਈਸੀਓਐੱਸਓਸੀ ਦਾ ਸਰਗਰਮ ਰੂਪ ਨਾਲ ਸਮਰਥਨ ਕੀਤਾ ਹੈ। ਈਸੀਓਐੱਸਓਸੀ ਦੇ ਪਹਿਲੇ ਪ੍ਰਧਾਨ ਇੱਕ ਭਾਰਤੀ ਸਨ। ਆਪਣੇ ਘਰੇਲੂ ਯਤਨਾਂ ਰਾਹੀਂ ਅਸੀਂ ਫਿਰ ਤੋਂ ਏਜੰਡਾ 2030 ਅਤੇ ਐੱਸਡੀਜੀ ਨੂੰ ਹਾਸਲ ਕਰਨ ਵਿੱਚ ਇੱਕ ਪ੍ਰਮੁੱਖ ਭੂਮਿਕਾ ਨਿਭਾ ਰਹੇ ਹਾਂ। ਅਸੀਂ ਹੋਰ ਵਿਕਾਸਸ਼ੀਲ ਦੇਸ਼ਾਂ ਨੂੰ ਉਨ੍ਹਾਂ ਦੇ ਟਿਕਾਊ ਵਿਕਾਸ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਵੀ ਸਹਿਯੋਗ ਕਰ ਰਹੇ ਹਾਂ। ਸਾਡਾ

# ਕੋਰੋਨਾ ਕਾਲ ਵਿੱਚ 20 ਅਰਬ ਡਾਲਰ ਤੋਂ ਜ਼ਿਆਦਾ ਦਾ ਵਿਦੇਸ਼ੀ ਨਿਵੇਸ਼

ਯੂਐੱਨ ਦੇ ਮੰਚ ਤੋਂ ਪ੍ਰਧਾਨ ਮੰਤਰੀ ਮੋਦੀ ਨੇ ਮੌਜੂਦਾ ਦੌਰ ਵਿੱਚ ਸੁਧਾਰ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਤਾਂ ਅਮਰੀਕਾ-ਭਾਰਤ ਕਾਰੋਬਾਰ ਪਰਿਸ਼ਦ (ਯੂਐੱਸਆਈਬੀਸੀ) ਦੁਆਰਾ ਆਯੋਜਿਤ ਵਰਚੁਅਲ ਆਈਡਿਆਜ਼ ਸਮਿਟ ਵਿੱਚ ਬਦਲਦੇ ਭਾਰਤ ਦੀ ਤਸਵੀਰ ਰੱਖੀ। ਉਨ੍ਹਾਂ ਨੇ ਹਾਲ ਹੀ ਵਿੱਚ ਆਤਮਨਿਰਭਰ ਭਾਰਤ ਅਭਿਯਾਨ ਤਹਿਤ ਕੀਤੀ ਗਈ ਸੁਧਾਰਾਤਮਕ ਪਹਿਲ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ, "ਆਤਮਨਿਰਭਰ ਭਾਰਤ" ਦੇ ਸੱਦੇ ਜ਼ਰੀਏ ਭਾਰਤ ਖੁਸ਼ਹਾਲ ਅਤੇ ਸੰਕਟ ਤੋਂ ਜਲਦੀ ਬਾਹਰ ਆਉਣ ਵਾਲੀ ਦੁਨੀਆ ਬਣਾਉਣ ਦੀ ਦਿਸ਼ਾ ਵਿੱਚ ਯੋਗਦਾਨ ਪਾ ਰਿਹਾ ਹੈ। ਪ੍ਰਧਾਨ ਮੰਤਰੀ ਨੇ ਮੌਜੂਦਾ ਦੌਰ ਨੂੰ ਭਾਰਤ ਵਿੱਚ ਨਿਵੇਸ਼ ਕਰਨ ਦਾ ਸਭ ਤੋਂ ਬਿਹਤਰੀਨ ਸਮਾਂ ਦੱਸਿਆ। ਇਸ ਭਰੋਸੇ ਦੀ ਵਜ੍ਹਾ ਨਾਲ ਹੀ ਕੋਰੋਨਾ ਕਾਲ ਦੇ ਚਾਰ ਮਹੀਨੇ (ਅਪ੍ਰੈਲ-ਜੁਲਾਈ) ਵਿੱਚ 20 ਅਰਬ ਡਾਲਰ ਤੋਂ ਜ਼ਿਆਦਾ ਵਿਦੇਸ਼ੀ ਨਿਵੇਸ਼ ਆਏ ਹਨ। ਇਸ ਅਵਸਰ 'ਤੇ ਪ੍ਰਧਾਨ ਮੰਤਰੀ ਨੇ ਕਿਹਾ:

- ਭਾਰਤ ਦੇ ਉਦੈ ਦਾ ਅਰਥ ਹੈ, ਇੱਕ ਅਜਿਹੇ ਰਾਸ਼ਟਰ ਦੇ ਨਾਲ ਵਪਾਰ ਦੇ ਮੌਕਿਆਂ ਵਿੱਚ ਵਾਧਾ, ਜਿਸ 'ਤੇ ਤੁਸੀਂ ਭਰੋਸਾ ਕਰ ਸਕਦੇ ਹੋ।
- ਪ੍ਰਧਾਨ ਮੰਤਰੀ ਨੇ ਅਮਰੀਕੀ ਕੰਪਨੀਆ ਨੂੰ ਐਨਰਜੀ, ਹੈਲਥਕੇਅਰ ਅਤੇ ਖੇਤੀ ਸੈਕਟਰ ਵਿੱਚ ਨਿਵੇਸ਼ ਲਈ ਵੀ ਸੱਦਾ ਦਿੱਤਾ।
- ਵਿਕਾਸ ਦੇ ਏਜੰਡੇ ਦੇ ਮੂਲ ਵਿੱਚ ਗ਼ਰੀਬਾਂ ਅਤੇ ਕਮਜ਼ੋਰਾਂ ਨੂੰ ਰੱਖਣ ਦੀ ਜ਼ਰੂਰਤ ਹੈ ਕਿਉਂਕਿ 'ਈਜ਼ ਆਵ੍ ਲਿਵਿੰਗ' ਓਨਾ ਹੀ ਮਹੱਤਵਪੂਰਨ ਹੈ ਜਿੰਨਾ 'ਈਜ਼ ਆਵ੍ ਡੂਇੰਗ ਬਿਜ਼ਨਸ'।
- ਮਹਾਮਾਰੀ ਨੇ ਸਾਨੂੰ ਬਾਹਰੀ ਝਟਕਿਆਂ ਦੇ ਖ਼ਿਲਾਫ਼ ਆਲਮੀ ਅਰਥਵਿਵਸਥਾ ਦੇ ਲਚਕੀਲੇਪਣ ਦਾ ਮਹੱਤਵ ਯਾਦ ਕਰਵਾਇਆ ਹੈ ਜੋ ਮਜ਼ਬੂਤ ਘਰੇਲੂ ਆਰਥਿਕ ਸਮਰੱਥਾਵਾਂ ਦੁਆਰਾ ਹਾਸਲ ਕੀਤਾ ਜਾ ਸਕਦਾ ਹੈ।
- ਸ਼ਹਿਰੀ ਇੰਟਰਨੈੱਟ ਯੂਜ਼ਰਸ ਦੀ ਤੁਲਨਾ ਵਿੱਚ ਪਿੰਡਾਂ ਵਿੱਚ ਇੰਟਰਨੈੱਟ ਯੂਜ਼ਰਸ ਜ਼ਿਆਦਾ ਹਨ। ਹੁਣ ਦੇਸ਼ ਵਿੱਚ ਲਗਭਗ ਅੱਧਾ ਅਰਬ ਐਕਟਿਵ ਇੰਟਰਨੈੱਟ ਯੂਜ਼ਰਸ ਹਨ, ਜਦੋਂਕਿ ਅੱਧਾ ਅਰਬ ਤੋਂ ਜ਼ਿਆਦਾ ਲੋਕ ਕਨੈਕਟ ਹੋ ਰਹੇ ਹਨ।
- ਵਿਭਿੰਨ ਖੇਤਰਾਂ ਵਿੱਚ ਨਿਵੇਸ਼ ਦੇ ਵਿਆਪਕ ਅਵਸਰ : ਪ੍ਰਧਾਨ ਮੰਤਰੀ ਨੇ ਆਈਡਿਆਜ਼ ਸਮਿਟ ਵਿੱਚ ਦੱਸਿਆ ਕਿ ਕਿਵੇਂ ਭਾਰਤ ਨੇ ਹਰ ਖੇਤਰ ਵਿੱਚ ਵਪਾਰ ਸੁਧਾਰ ਕੀਤੇ ਹਨ ਜਿਸ ਵਿੱਚ ਨਿਵੇਸ਼ ਦੇ ਚੰਗੇ ਅਵਸਰ ਹਨ। ਉਹ ਖੇਤਰ ਹਨ : ਖੇਤੀ, ਫੂਡ ਪ੍ਰੋਸੈੱਸਿੰਗ, ਮੱਛੀ ਪਾਲਣ, ਜੈਵਿਕ ਉਤਪਾਦ, ਮੈਡੀਕਲ-ਟੈਕਨੋਲੋਜੀ, ਟੈਲੀ ਮੈਡੀਸਿਨ, ਡਾਇਗਨੋਸਟਿਕਸ ਉਤਪਾਦਨ, ਊਰਜਾ, ਮਕਾਨਾਂ, ਸੜਕਾਂ, ਹਾਈਵੇ, ਬੰਦਰਗਾਹਾਂ ਦੇ ਨਿਰਮਾਣ ਸਮੇਤ ਹੋਰ ਬੁਨਿਆਦੀ ਢਾਂਚੇ ਦਾ ਨਿਰਮਾਣ, ਸ਼ਹਿਰੀ ਹਵਾਬਾਜ਼ੀ, ਰੱਖਿਆ, ਪੁਲਾੜ ਖੇਤਰ, ਵਿੱਤ ਅਤੇ ਬੀਮਾ ਜਿਹੇ ਖੇਤਰ ਸ਼ਾਮਲ ਹਨ।

# ਭਾਰਤੀ ਅਤੇ ਯੂਰਪੀ ਸੰਘ ਦਾ 5 ਵਰ੍ਹਿਆਂ ਲਈ ਵਿਗਿਆਨ-ਟੈਕਨੋਲੋਜੀ ਸਹਿਯੋਗ




ਭਾਰਤ ਅਤੇ ਯੂਰਪੀ ਸੰਘ ਦੇ 15ਵੇਂ ਭਾਰਤ-ਯੂਰਪੀ ਸੰਘ ਸਿਖਰ ਸੰਮੇਲਨ ਵਿੱਚ ਆਗਾਮੀ ਪੰਜ ਸਾਲਾਂ 2020-25 ਲਈ ਵਿਗਿਆਨਕ ਸਹਿਯੋਗ 'ਤੇ ਸਮਝੌਤੇ ਨੂੰ ਨਵਿਆਉਣ 'ਤੇ ਸਹਿਮਤੀ ਹੋਈ ਹੈ। ਇਸ ਬੈਠਕ ਦੀ ਅਗਵਾਈ ਭਾਰਤ ਦੁਆਰਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੀਤੀ ਜਦਕਿ ਯੂਰਪੀ ਸੰਘ ਦੇ ਵਫ਼ਦ ਦੀ ਅਗਵਾਈ ਯੂਰਪੀ ਪਰਿਸ਼ਦ ਦੇ ਪ੍ਰਧਾਨ ਚਾਰਲਸ ਮਿਸ਼ੇਲ ਅਤੇ ਯੂਰਪੀ ਆਯੋਗ ਦੀ ਪ੍ਰਧਾਨ ਉਸੁਰਲਾ ਵਾਨ ਡੇਰ ਲੇਯੇਨ ਨੇ ਕੀਤੀ। ਇਸ ਨਵੀਨ ਸਵੀਕ੍ਰਿਤ ਸਮਝੌਤੇ ਦੇ ਅਨੁਸਾਰ, ਭਾਰਤ ਅਤੇ ਯੂਰਪੀ ਸੰਘ ਦੋਹਾਂ ਨੇ 2001 ਵਿੱਚ ਹੋਏ ਵਿਗਿਆਨ ਅਤੇ ਟੈਕਨੋਲੋਜੀ ਸਮਝੌਤੇ ਦੇ ਅਨੁਰੂਪ ਆਪਸੀ ਲਾਭ ਅਤੇ ਪਰਸਪਰ ਸਿਧਾਂਤਾਂ ਦੇ ਅਧਾਰ 'ਤੇ ਰਿਸਰਚ ਅਤੇ ਇਨੋਵੇਸ਼ਨ ਵਿੱਚ ਭਵਿੱਖ ਵਿੱਚ ਸਹਿਯੋਗ ਕਰਨ 'ਤੇ ਸਹਿਮਤੀ ਪ੍ਰਗਟ ਕੀਤੀ ਹੈ। 2001 ਵਿੱਚ ਹੋਇਆ ਇਹ ਸਮਝੌਤਾ ਮਈ 2017 ਵਿੱਚ ਖਤਮ ਹੋ ਗਿਆ ਸੀ। ਇਸ ਅਵਸਰ 'ਤੇ ਪ੍ਰਧਾਨ ਮੰਤਰੀ ਮੋਦੀ ਨੇ ਈਯੂ ਨਾਲ ਭਾਰਤ ਦੇ ਸਬੰਧਾਂ ਨੂੰ ਗਹਿਰਾ ਬਣਾਉਣ ਦੀ ਪ੍ਰਤੀਬੱਧਤਾ ਪ੍ਰਗਟਾਈ। ਕੋਵਿਡ-19 ਦੇ ਬਾਅਦ ਦੇ ਹਾਲਾਤ ਦਾ ਜ਼ਿਕਰ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ ਆਰਥਿਕ ਖੇਤਰ ਵਿੱਚ ਆਲਮੀ ਪੱਧਰ 'ਤੇ ਨਵੀਆਂ ਸਮੱਸਿਆਵਾਂ ਉਤਪੰਨ ਹੋ ਗਈਆਂ ਹਨ। ਇਸ ਲਈ ਲੋਕਤੰਤਰੀ ਰਾਸ਼ਟਰਾਂ ਵਿਚਕਾਰ ਜ਼ਿਆਦਾ ਸਹਿਯੋਗ ਦੀ ਜ਼ਰੂਰਤ ਹੈ। ਪ੍ਰਧਾਨ ਮੰਤਰੀ ਨੇ ਭਾਰਤ ਵਿੱਚ ਅਖੁੱਟ ਊਰਜਾ ਖੇਤਰ ਵਿੱਚ ਯੂਰਪ ਨੂੰ ਨਿਵੇਸ਼ ਅਤੇ ਤਕਨੀਕ ਲਗਾਉਣ ਦਾ ਸੱਦਾ ਵੀ ਦਿੱਤਾ।

ਪ੍ਰਧਾਨ ਮੰਤਰੀ ਦਾ ਪੂਰਾ ਸੰਬੋਧਨ ਸੁਣਨ ਲਈ QR ਕੋਡ ਸਕੈਨ ਕਰੋ

ਮਕਸਦ ਹੈ 'ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ'-ਜਿਸ ਦਾ ਅਰਥ ਹੈ "ਨਾਲ-ਨਾਲ, ਸਭ ਦੇ ਵਿਕਾਸ ਲਈ, ਸਭ ਦੇ ਭਰੋਸੇ ਦੇ ਨਾਲ।" ਇਸ ਵਿੱਚ ਐੱਸਡੀਜੀ ਦੇ ਮੂਲ ਸਿਧਾਂਤ ਕੋਈ ਵੀ ਪਿੱਛੇ ਨਾ ਛੁਟੇ, ਦੀ ਹੀ ਭਾਵਨਾ ਹੈ। ਪੋਸ਼ਣ, ਸਿਹਤ, ਸਿੱਖਿਆ ਅਤੇ ਬਿਜਲੀ ਜਾਂ ਘਰ ਤੱਕ ਪਹੁੰਚ ਹੋਵੇ-ਅਸੀਂ ਆਪਣੇ ਸਮਾਵੇਸ਼ੀ ਪ੍ਰੋਗਰਾਮਾਂ ਰਾਹੀਂ ਬਹੁਤ ਪ੍ਰਗਤੀ ਕਰ ਰਹੇ ਹਾਂ। ■

## ਆਤਮਨਿਰਭਰ ਭਾਰਤ ਪੈਕੇਜ ਦੁਆਰਾ ਸਮੁੱਚਾ ਪ੍ਰੋਤਸਾਹਨ



| ਸੀਰੀਅਲ ਨੰਬਰ | ਉਪਾਅ | | ਰੁਪਏ (ਕਰੋੜ ਵਿੱਚ) |
|---|---|---|---|
| 1. | ਪਾਰਟ-1 | | 5,94,550 |
| 2. | ਪਾਰਟ-2 | | 3,10,000 |
| 3. | ਪਾਰਟ-3 | | 1,50,000 |
| 4. | ਪਾਰਟ-4 ਅਤੇ 5 | | 48,100 |
| | | ਸਬ-ਟੋਟਲ | 11,02,650 |
| 5. | ਪੀਐੱਮਜੀਕੇਪੀ ਸਹਿਤ ਪਹਿਲਾਂ ਦੇ ਉਪਾਅ | | 1,92,800 |
| 6. | ਆਰਬੀਆਈ ਦੇ ਉਪਾਅ (ਅਸਲ) | | 8,01,603 |
| | | ਸਬ-ਟੋਟਲ | 9,94,403 |
| | | ਕੁੱਲ | 20,97,053 |

2020 ਲਈ 20 ਲੱਖ ਕਰੋੜ ਰੁਪਏ

# ਆਤਮਨਿਰਭਰਤਾ ਦੀ ਰਾਹ 'ਤੇ ਸਰਪਟ ਦੌੜਦੀ ਅਰਥਵਿਵਸਥਾ



**5.94** ਲੱਖ ਕਰੋੜ ਰੁਪਏ ਦਾ ਪੈਕੇਜ ਅਰਥਵਿਵਸਥਾ ਦੀ ਰੀੜ੍ਹ ਐੱਮਐੱਸਐੱਮਈ ਸੈਕਟਰ ਲਈ

**03** ਕਰੋੜ ਛੋਟੇ-ਸੀਮਾਂਤ ਕਿਸਾਨਾਂ 'ਤੇ ਫੋਕਸ

**ਵੱਡੇ ਫੈਸਲੇ ਲੈਣ ਅਤੇ ਉਨ੍ਹਾਂ ਨੂੰ ਅੰਜਾਮ ਤੱਕ ਪਹੁੰਚਾਉਣ ਦਾ ਬਦਲ ਬਣ ਚੁੱਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੋਰੋਨਾ ਜਿਹੀ ਆਪਦਾ ਨੂੰ ਅਵਸਰ ਵਿੱਚ ਬਦਲ ਕੇ ਭਾਰਤ ਨੂੰ ਆਤਮਨਿਰਭਰ ਬਣਾਉਣ ਲਈ ਦੇਸ਼ ਨੂੰ ਲੋਕਲ ਲਈ ਵੋਕਲ ਬਣਾਉਣ ਦੀ ਮੁਹਿੰਮ ਨਾਲ ਨਵੀਂ ਦਿਸ਼ਾ ਦਿੱਤੀ। 12 ਮਈ ਨੂੰ ਰਾਸ਼ਟਰ ਦੇ ਨਾਮ ਸੰਦੇਸ਼ ਵਿੱਚ ਉਨ੍ਹਾਂ ਨੇ ਕੁੱਲ ਜੀਡੀਪੀ ਦੇ 10 ਫੀਸਦੀ ਦੇ ਬਰਾਬਰ ਦੇ 20 ਲੱਖ ਕਰੋੜ ਦੇ ਵੱਡੇ ਆਰਥਿਕ ਪੈਕੇਜ ਦਾ ਐਲਾਨ ਕੀਤਾ ਸੀ। ਜਿਸ ਦੇ ਬਾਅਦ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਣ ਨੇ ਪੰਜ ਪੜਾਵਾਂ ਵਿੱਚ ਪੈਕੇਜ ਦਾ ਐਲਾਨ ਕਰਕੇ ਪ੍ਰਧਾਨ ਮੰਤਰੀ ਦੇ ਐਲਾਨ ਨੂੰ ਅਮਲ ਵਿੱਚ ਲਿਆਉਣ ਦਾ ਖਾਕਾ ਦੇਸ਼ ਦੇ ਸਾਹਮਣੇ ਰੱਖਿਆ। ਜਿਸ ਦਾ ਅਸਰ ਹੋਇਆ ਕਿ 'ਜਾਨ ਹੈ ਤੋ ਜਹਾਨ' ਦੇ ਮੰਤਰ ਨਾਲ ਪ੍ਰਧਾਨ ਮੰਤਰੀ ਮੋਦੀ ਨੇ ਲੌਕਡਾਊਨ ਜਿਹਾ ਸਖ਼ਤ ਫੈਸਲਾ ਲਿਆ ਸੀ ਤਾਂ 'ਜਾਨ ਭੀ, ਜਹਾਨ ਭੀ' ਦੇ ਮੰਤਰ ਨਾਲ ਦੇਸ਼ ਨੂੰ ਜੂਨ ਤੋਂ ਅਨਲੌਕ ਕੀਤਾ। ਆਤਮਨਿਰਭਰ ਭਾਰਤ ਦੀ ਉਨ੍ਹਾਂ ਦੀ ਦੂਰਗਾਮੀ ਸੋਚ ਦਾ ਹੀ ਨਤੀਜਾ ਹੈ ਕਿ ਪੀਪੀਈ ਕਿੱਟ ਜਿਹੇ ਮਾਮਲੇ ਵਿੱਚ ਭਾਰਤ ਅੱਜ ਜ਼ੀਰੋ ਤੋਂ ਨਿਰਯਾਤਕ ਦੇਸ਼ ਦੀ ਸ਼੍ਰੇਣੀ ਵਿੱਚ ਆ ਗਿਆ।**

ਦੇਸ਼ ਨੂੰ ਆਪਦਾ ਤੋਂ ਬਾਹਰ ਕੱਢਣ ਅਤੇ ਅਰਥਵਿਵਸਥਾ ਨੂੰ ਰਾਹ 'ਤੇ ਵਾਪਸ ਲਿਆਉਣ ਦੀ ਕੋਸ਼ਿਸ਼ ਵਿੱਚ ਆਤਮਨਿਰਭਰ ਭਾਰਤ ਪੈਕੇਜ ਨੇ ਅਹਿਮ ਭੂਮਿਕਾ ਨਿਭਾਈ ਹੈ। ਕਣਕ ਦੀ ਖਰੀਦ, ਖਰੀਫ ਦੀ ਬਿਜਾਈ, ਖਾਦ ਵਿਕਰੀ ਵਿੱਚ ਰਿਕਾਰਡ ਵਾਧਾ, ਬਿਜਲੀ, ਪੈਟਰੋਲੀਅਮ ਉਤਪਾਦਾਂ ਦੀ ਵਧਦੀ ਖਪਤ, ਮਾਲ ਢੁਆਈ, ਟੋਲ ਕਲੈਕਸ਼ਨ, ਡਿਜੀਟਲ ਲੈਣਦੇਣ ਵਿੱਚ ਵਾਧਾ, ਵਿਦੇਸ਼ੀ ਮੁਦਰਾ ਭੰਡਾਰ ਦਾ ਵਧਣਾ, ਜੀਐੱਸਟੀ ਦੀ ਕਲੈਕਸ਼ਨ ਅਪ੍ਰੈਲ ਦੇ ਮੁਕਾਬਲੇ ਜੂਨ ਵਿੱਚ ਤਿੰਨ ਗੁਣਾ ਵਧਣਾ ਅਰਥਵਿਵਸਥਾ ਵਿੱਚ ਸੁਧਾਰਾਂ ਦੇ ਵੱਡੇ ਸੰਕੇਤ ਦੇਣ ਵਾਲੇ ਹਨ। ਵਿੱਤ ਮੰਤਰੀ ਇਸ ਆਰਥਿਕ ਪੈਕੇਜ ਨੂੰ ਲਾਗੂ ਕਰਨ ਦੀ ਸਮੀਖਿਆ ਅਤੇ ਨਿਗਰਾਨੀ ਖੁਦ ਕਰ ਰਹੇ ਹਨ। ਇਤਿਹਾਸਿਕ ਪੈਕੇਜ ਦੀ ਪ੍ਰਗਤੀ 'ਤੇ



**200 ਕਰੋੜ ਤੱਕ ਦੀ ਸਰਕਾਰੀ ਖਰੀਦ ਦੇ ਟੈਂਡਰ ਸਿਰਫ ਭਾਰਤੀ ਬਿਨੈਕਾਰਾਂ ਨੂੰ:** ਦੇਸ਼ ਦੇ ਐੱਮਐੱਸਐੱਮਈ (ਸੂਖਮ, ਲਘੂ ਅਤੇ ਦਰਮਿਆਨੇ ਉਦਯੋਗ) ਨੂੰ ਵੱਡੀ ਰਾਹਤ ਦਿੰਦੇ ਹੋਏ ਸਰਕਾਰ ਨੇ ਨਿਯਮ ਬਦਲ ਦਿੱਤੇ ਹਨ। ਯਾਨੀ ਹੁਣ 200 ਕਰੋੜ ਰੁਪਏ ਤੱਕ ਦੇ ਟੈਂਡਰਾਂ ਲਈ ਕੋਈ ਗਲੋਬਲ ਟੈਂਡਰ ਇਨਕਵਾਇਰੀ (ਜੀਟੀਆਈ) ਉਦੋਂ ਤੱਕ ਸੱਦੀ ਜਾਵੇਗੀ ਜਦੋਂ ਤੱਕ ਕਿ ਕੈਬਨਿਟ ਸਕੱਤਰੇਤ ਤੋਂ ਮਨਜ਼ੂਰੀ ਨਹੀਂ ਮਿਲ ਜਾਂਦੀ।




**ਠੇਕੇਦਾਰਾਂ ਨੂੰ ਰਾਹਤ:** ਰੇਲਵੇ, ਰੋਡ ਟਰਾਂਸਪੋਰਟ ਅਤੇ ਰਾਜਮਾਰਗ ਮੰਤਰਾਲੇ ਅਤੇ ਸੀਪੀਡਬਲਿਊਡੀ ਜਿਹੀਆਂ ਸਾਰੀਆਂ ਕੇਂਦਰੀ ਏਜੰਸੀਆਂ ਠੇਕੇ ਨੂੰ ਪੂਰਾ ਕਰਨ ਲਈ 6 ਮਹੀਨੇ ਤੱਕ ਦਾ ਸਮਾਂ ਵਿਸਤਾਰ ਦੇਣਗੀਆਂ, ਜਿਨ੍ਹਾਂ ਵਿੱਚ ਈਪੀਸੀ ਅਤੇ ਰਿਆਇਤ ਸਮਝੌਤਿਆਂ ਨਾਲ ਸਬੰਧਿਤ ਜ਼ਿੰਮੇਵਾਰੀ ਵੀ ਸ਼ਾਮਲ ਹੈ। ਇਸ ਲਈ ਨਿਰਦੇਸ਼ ਜਾਰੀ ਹੋ ਚੁੱਕੇ ਹਨ।

**ਰਾਜ ਸਰਕਾਰਾਂ ਨੂੰ ਸਹਾਰਾ ਦੇਣਾ:** ਕੇਂਦਰ ਨੇ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਬੇਨਤੀ ਨੂੰ ਸਵੀਕਾਰ ਕਰਨ ਅਤੇ ਸਿਰਫ਼ ਸਾਲ 2020-21 ਲਈ ਰਾਜਾਂ ਦੀ ਉਧਾਰੀ ਸੀਮਾ ਨੂੰ 3% ਤੋਂ ਵਧਾ ਕੇ 5% ਕਰਨ ਦਾ ਫੈਸਲਾ ਕੀਤਾ ਹੈ। ਇਸ ਨਾਲ ਰਾਜਾਂ ਨੂੰ 4.28 ਲੱਖ ਕਰੋੜ ਰੁਪਏ ਦੇ ਵਾਧੂ ਸਰੋਤ ਮਿਲਣਗੇ।

---

**ਐੱਮਐੱਸਐੱਮਈ ਸਹਿਤ ਕਾਰੋਬਾਰੀਆ ਦੇ ਲਈ 3 ਲੱਖ ਕਰੋੜ ਦਾ ਬਿਨਾ ਗਰੰਟੀ ਕਰਜ਼:** ਕਾਰੋਬਾਰੀਆਂ ਨੂੰ ਰਾਹਤ ਦੇਣ ਲਈ 45 ਲੱਖ ਤੋਂ ਵੀ ਜ਼ਿਆਦਾ ਐੱਮਐੱਸਐੱਮਈ ਨੂੰ ਕੁੱਲ 3 ਲੱਖ ਕਰੋੜ ਰੁਪਏ ਤਰਲਤਾ (ਲਿਕੁਇਡਿਟੀ) ਜਾਂ ਨਕਦੀ ਪ੍ਰਵਾਹ ਪ੍ਰਦਾਨ ਕਰਵਾਇਆ ਜਾਵੇਗਾ। ਜਿਸ ਲਈ ਦਿਸ਼ਾ-ਨਿਰਦੇਸ਼ ਜਾਰੀ ਕਰ ਕੇ ਡੇਢ ਮਹੀਨੇ ਦੀ ਮਿਆਦ ਵਿੱਚ ਹੀ ਯੂਨਿਟਾਂ ਦੀ ਪਹਿਚਾਣ ਕਰਕੇ ਕਰਜ਼ ਮਨਜ਼ੂਰੀ ਸ਼ੁਰੂ ਹੋ ਗਈ ਹੈ।



---

**ਐੱਨਬੀਐੱਫਸੀ ਲਈ 45,000 ਕਰੋੜ ਰੁਪਏ ਦੀ ਅੰਸ਼ਿਕ ਕਰਜ਼ ਗਰੰਟੀ ਯੋਜਨਾ 2.0 :** ਅੰਸ਼ਿਕ ਕਰਜ਼ ਗਰੰਟੀ ਯੋਜਨਾ ਯਾਨੀ ਪੀਸੀਜੀਐੱਸ ਨੂੰ ਕੈਬਨਿਟ ਦੀ ਪ੍ਰਵਾਨਗੀ ਮਿਲਣ ਦੇ ਬਾਅਦ ਯੋਜਨਾ ਲਈ ਸੰਚਾਲਨ ਦਿਸ਼ਾ-ਨਿਰਦੇਸ਼ ਉਸੇ ਦਿਨ ਯਾਨੀ 20 ਮਈ 2020 ਨੂੰ ਹੀ ਜਾਰੀ ਕਰ ਦਿੱਤੇ ਗਏ। ਬੈਂਕਾਂ ਨੇ 14000 ਕਰੋੜ ਦੇ ਪੋਰਟਫੋਲੀਓ ਦੀ ਖਰੀਦ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਅਤੇ ਉਹ ਵਰਤਮਾਨ ਵਿੱਚ 3 ਜੁਲਾਈ 2020 ਤੱਕ 6000 ਕਰੋੜ ਲਈ ਪ੍ਰਵਾਨਗੀ ਦੀ ਪ੍ਰਕਿਰਿਆ ਵਿੱਚ ਹਨ।

---

**ਨਾਬਾਰਡ ਜ਼ਰੀਏ ਕਿਸਾਨਾਂ ਲਈ 30000 ਕਰੋੜ ਦਾ ਅਤਿਰਿਕਤ ਐਮਰਜੈਂਸੀ ਕਾਰਜਸ਼ੀਲ ਪੂੰਜੀ ਵਿੱਤਪੋਸ਼ਣ :** ਕੋਵਿਡ-19 ਦੌਰਾਨ ਗ੍ਰਾਮੀਣ ਅਤੇ ਸਹਿਕਾਰੀ ਬੈਂਕਾਂ ਲਈ ਨਾਬਾਰਡ ਦੁਆਰਾ 30000 ਕਰੋੜ ਰੁਪਏ ਦੀ ਨਵੀਂ ਵਿਸ਼ੇਸ਼ ਪੁਨਰਵਿੱਤ ਸੁਵਿਧਾ ਸਵੀਕਾਰ ਕੀਤੀ ਗਈ। ਇਹ ਵਿਸ਼ੇਸ਼ ਸੁਵਿਧਾ 3 ਕਰੋੜ ਕਿਸਾਨਾਂ ਨੂੰ ਲਾਭ ਪਹੁੰਚਾਏਗੀ। ਇਨ੍ਹਾਂ ਵਿੱਚ ਜ਼ਿਆਦਾਤਰ ਛੋਟੇ ਅਤੇ ਸੀਮਾਂਤ ਕਿਸਾਨ ਸ਼ਾਮਲ ਹਨ। ਇਨ੍ਹਾਂ ਕਿਸਾਨਾਂ ਨੂੰ ਫਸਲ ਕਟਾਈ ਦੇ ਬਾਅਦ ਅਤੇ ਖਰੀਫ ਬਿਜਾਈ ਦੀਆਂ ਜ਼ਰੂਰਤਾਂ ਲਈ ਕਰਜ਼ ਸਬੰਧੀ ਜ਼ਰੂਰਤਾਂ ਪੂਰੀਆਂ ਹੋਣਗੀਆਂ। ਇਸ ਵਿਸ਼ੇਸ਼ ਸੁਵਿਧਾ ਤਹਿਤ 30000 ਕਰੋੜ ਰੁਪਏ ਵਿੱਚੋਂ 24876.87 ਕਰੋੜ ਰੁਪਏ 06 ਜੁਲਾਈ 2020 ਤੱਕ ਵੰਡੇ ਜਾ ਚੁੱਕੇ ਹਨ।

---

**ਟੀਡੀਐੱਸ/ਟੀਸੀਐੱਸ ਦਰ ਵਿੱਚ ਕਮੀ ਜ਼ਰੀਏ 50000 ਕਰੋੜ ਰੁਪਏ ਦਾ ਨਕਦੀ ਪ੍ਰਵਾਹ:** ਸਰਕਾਰ ਨੇ ਚਾਲੂ ਵਿੱਤ ਵਰ੍ਹੇ ਦੀ ਬਾਕੀ ਮਿਆਦ ਲਈ ਦੇਸ਼ ਦੇ ਅੰਦਰ ਕੀਤੇ ਜਾਣ ਵਾਲੇ ਵਿਭਿੰਨ ਪ੍ਰਕਾਰ ਦੇ ਕਾਰੋਬਾਰੀ ਭੁਗਤਾਨ 'ਤੇ ਟੀਡੀਐੱਸ ਅਤੇ ਟੀਸੀਐੱਸ ਦਰ 25 ਪ੍ਰਤੀਸ਼ਤ ਘੱਟ ਕਰ ਦਿੱਤੀ ਹੈ। ਇਹ ਛੋਟ ਵੇਤਨ ਨੂੰ ਛੱਡ ਕੇ ਹੋਰ ਪ੍ਰਕਾਰ ਦੇ ਭੁਗਤਾਨ 'ਤੇ ਲਾਗੂ ਹੋਵੇਗੀ। ਇਸ ਨਾਲ ਕਰਦਾਤਿਆਂ ਦੇ ਹੱਥ ਵਿੱਚ 50000 ਕਰੋੜ ਰੁਪਏ ਦੀ ਅਤਿਰਿਕਤ ਨਕਦੀ ਉਪਲੱਬਧ ਹੋਵੇਗੀ।

---

**ਪ੍ਰਤੱਖ ਕਰ ਸਬੰਧੀ ਹੋਰ ਉਪਾਅ:** 8 ਅਪ੍ਰੈਲ ਤੋਂ ਲੈ ਕੇ 30 ਜੂਨ ਤੱਕ ਦੇ ਸਮੇਂ ਦੌਰਾਨ ਕੇਂਦਰੀ ਪ੍ਰਤੱਖ ਕਰ ਬੋਰਡ (ਸੀਬੀਡੀਟੀ) ਨੇ 20.44 ਲੱਖ ਤੋਂ ਵੀ ਜ਼ਿਆਦਾ ਮਾਮਲਿਆਂ ਵਿੱਚ 62361 ਕਰੋੜ ਰੁਪਏ ਤੋਂ ਜ਼ਿਆਦਾ ਦੀ ਰਾਸ਼ੀ ਦੇ ਰਿਫੰਡ ਜਾਰੀ ਕੀਤੇ ਹਨ। ਬਾਕੀ ਰਿਫੰਡਾਂ ਦੇ ਲਈ ਵੀ ਪ੍ਰਕਿਰਿਆ ਜਾਰੀ ਹੈ। ਇਸ ਤਰ੍ਹਾਂ ਵਿਭਾਗ ਨੇ ਆਦਮਨ ਕਰ ਰਿਟਰਨ ਭਰਨ ਦੀ ਅੰਤਿਮ ਮਿਤੀ ਨੂੰ 31 ਜੁਲਾਈ, 2020 (ਵਿਅਕਤੀਆਂ ਆਦਿ ਲਈ) ਅਤੇ 31 ਅਕਤੂਬਰ, 2020 (ਕੰਪਨੀਆਂ ਆਦਿ ਲਈ) ਤੋਂ ਵਧਾ ਕੇ 30 ਨਵੰਬਰ, 2020 ਕਰ ਦਿੱਤਾ ਹੈ।

---

> ਆਤਮਨਿਰਭਰ ਭਾਰਤ ਦੀ ਇਹ ਸ਼ਾਨਦਾਰ ਇਮਾਰਤ ਇਨ੍ਹਾਂ ਪੰਜ ਥੰਮ੍ਹਾਂ 'ਤੇ ਖੜ੍ਹੀ ਹੋਵੇਗੀ
>
> 1 **ਇਕੌਨੋਮੀ**
> ਅਜਿਹੀ ਅਰਥਵਿਵਸਥਾ ਜੋ ਵ੍ਰਿਧੀਸ਼ੀਲ ਪਰਿਵਰਤਨ ਨਹੀਂ, ਬਲਕਿ ਲੰਬੀ ਛਲਾਂਗ ਸੁਨਿਸ਼ਚਿਤ ਕਰੇ।
>
> 2 **ਇਨਫਰਾਸਟਰਕਚਰ**
> ਅਜਿਹਾ ਬੁਨਿਆਦੀ ਢਾਂਚਾ ਜੋ ਆਧੁਨਿਕ ਭਾਰਤ ਦੀ ਪਹਿਚਾਣ ਬਣੇ
>
> 3 **ਸਿਸਟਮ**
> ਅਜਿਹਾ ਸਿਸਟਮ ਜੋ ਟੈਕਨੋਲੋਜੀ ਸੰਚਾਲਿਤ ਵਿਵਸਥਾਵਾਂ 'ਤੇ ਅਧਾਰਿਤ ਹੋਵੇ
>
> 4 **ਡੈਮੋਗ੍ਰਾਫੀ**
> ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਵਿੱਚ ਆਤਮਨਿਰਭਰ ਭਾਰਤ ਲਈ ਉਤਸ਼ਾਹਸ਼ੀਲ ਆਬਾਦੀ ਸਾਡੀ ਤਾਕਤ ਹੈ, ਸਾਡੀ ਊਰਜਾ ਦਾ ਸਰੋਤ ਹੈ
>
> 5 **ਡਿਮਾਂਡ**
> ਸਾਡੀ ਅਰਥਵਿਵਸਥਾ ਵਿੱਚ ਮੰਗ ਅਤੇ ਸਪਲਾਈ ਚੇਨ ਦੀ ਤਾਕਤ ਦਾ ਉਪਯੋਗ ਪੂਰੀ ਸਮਰੱਥਾ ਨਾਲ ਕੀਤਾ ਜਾਣਾ ਚਾਹੀਦਾ ਹੈ



> "ਭਾਰਤ ਟੈਲੇਂਟ ਦਾ ਪਾਵਰ ਹਾਊਸ ਹੈ, ਜੋ ਯੋਗਦਾਨ ਦੇਣ ਲਈ ਉਤਸੁਕ ਹੈ। ਭਾਰਤੀਆਂ ਦੇ ਪਾਸ ਜੋ ਅਸੰਭਵ ਮੰਨਿਆ ਜਾਂਦਾ ਹੈ, ਉਸ ਨੂੰ ਹਾਸਲ ਕਰਨ ਦੀ ਭਾਵਨਾ ਹੈ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਅਸੀਂ ਭਾਰਤ ਵਿੱਚ ਆਰਥਿਕ ਰਿਕਵਰੀ ਦੇ ਸੰਕੇਤਾਂ ਨੂੰ ਦੇਖ ਰਹੇ ਹਾਂ। ਮਹਾਮਾਰੀ ਨੇ ਇੱਕ ਵਾਰ ਫਿਰ ਦਿਖਾਇਆ ਹੈ ਕਿ ਭਾਰਤ ਦਾ ਫਾਰਮਾ ਉਦਯੋਗ ਨਾ ਸਿਰਫ਼ ਭਾਰਤ, ਬਲਕਿ ਪੂਰੇ ਵਿਸ਼ਵ ਲਈ ਉਪਯੋਗੀ ਹੈ।"
>
> -ਨਰੇਂਦਰ ਮੋਦੀ, ਪ੍ਰਧਾਨ ਮੰਤਰੀ

**ਸਬੰਧਿਤ ਉਪਾਵਾਂ ਜ਼ਰੀਏ ਕਾਰੋਬਾਰ ਕਰਨਾ ਅਸਾਨ:** ਕਾਰਪੋਰੇਟ ਮੰਤਰਾਲੇ ਨੇ ਆਈਬੀਸੀ, 2016 ਯਾਨੀ 'ਦਿਵਾਲਾ ਅਤੇ ਦਿਵਾਲੀਆਪਨ ਕਾਨੂੰਨ ਤਹਿਤ ਪ੍ਰਦਾਨ ਅਧਿਕਾਰਾਂ ਦਾ ਉਪਯੋਗ ਕਰਦੇ ਹੋਏ ਘੱਟ ਤੋਂ ਘੱਟ ਡਿਫਾਲਟ ਰਾਸ਼ੀ 1 ਕਰੋੜ ਨਿਰਧਾਰਿਤ ਕੀਤੀ ਹੈ।

---

**ਐੱਨਬੀਐੱਫਸੀ/ਐੱਚਐੱਫਸੀ/ਐੱਮਐੱਫਆਈ ਲਈ 30000 ਕਰੋੜ ਦੀ ਵਿਸ਼ੇਸ਼ ਤਰਲਤਾ ਯੋਜਨਾ:** ਗ਼ੈਰ ਬੈਂਕਿੰਗ ਨਿਗਮਾਂ ਐੱਨਬੀਐੱਫਸੀ/ਐੱਚਐੱਫਸੀ ਲਈ ਵਿਸ਼ੇਸ਼ ਤਰਲਤਾ ਯੋਜਨਾ ਨੂੰ ਕੈਬਨਿਟ ਤੋਂ ਮਨਜ਼ੂਰੀ ਮਿਲਣ ਦੇ ਬਾਅਦ ਸ਼ੁਰੂ ਕਰ ਦਿੱਤਾ ਗਿਆ ਹੈ। ਆਰਬੀਆਈ ਨੇ ਵੀ ਇਸ 'ਤੇ 1 ਜੁਲਾਈ ਨੂੰ ਐੱਨਬੀਐੱਫਸੀ-ਐੱਚਐੱਫਸੀ ਨੂੰ ਸਰਕੂਲਰ ਜਾਰੀ ਕੀਤਾ ਹੈ। ਐੱਸਬੀਆਈ ਕੈਪ ਨੂੰ 7 ਜੁਲਾਈ ਤੱਕ 24 ਅਰਜ਼ੀਆਂ ਮਿਲੀਆਂ ਹਨ ਜਿਨ੍ਹਾਂ ਵਿੱਚ ਲਗਭਗ 985 ਕਰੋੜ ਦੇ ਵਿੱਤਪੋਸ਼ਣ ਦੀ ਬੇਨਤੀ ਕੀਤੀ ਗਈ ਹੈ। ■



[redacted]




# ਵਾਈ-ਫਾਈ

## ਕਰੋੜਾਂ ਵਿਦਿਆਰਥੀਆਂ ਦੀ ਸਿੱਖਿਆ ਦਾ ਬਣਿਆ ਸਾਧਨ

ਭਗਵਾਨ ਦੀ ਧਰਤੀ ਕਹੇ ਜਾਣ ਵਾਲੇ ਕੇਰਲ ਦੇ ਏਰਨਾਕੁਲਮ ਸਟੇਸ਼ਨ ਦੇ ਕੁਲੀ ਸ਼੍ਰੀਨਾਥ ਕੇ. ਨੇ ਸਟੇਸ਼ਨ 'ਤੇ ਯਾਤਰੀਆਂ ਦਾ ਸਮਾਨ ਢੋਂਦੇ ਹੋਏ ਖਾਲੀ ਸਮੇਂ ਦੀ ਵਰਤੋਂ ਮੋਬਾਈਲ ਜ਼ਰੀਏ ਸਟਡੀ ਮੈਟੀਰੀਅਲ ਜੁਟਾਉਣ ਅਤੇ ਈਅਰਫੋਨ ਦੇ ਜ਼ਰੀਏ ਐਜੂਕੇਸ਼ਨਲ ਵੀਡੀਓ ਨਾਲ ਪ੍ਰਤੀਯੋਗਤਾ ਪਰੀਖਿਆ ਦੀ ਤਿਆਰੀ ਲਈ ਕੀਤੀ। ਸ਼੍ਰੀਨਾਥ ਨੇ ਕੇਰਲ ਲੋਕ ਸੇਵਾ ਕਮਿਸ਼ਨ ਦੀ ਪਰੀਖਿਆ ਵਿੱਚ ਸਫਲਤਾ ਹਾਲਤ ਕਰਕੇ ਦੇਸ਼ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਸ਼੍ਰੀਨਾਥ ਦਾ ਆਪਣੀ ਇਸ ਸਫਲਤਾ 'ਤੇ ਕਹਿਣਾ ਸੀ ਕਿ ਜਦੋਂ ਉਹ ਸਮਾਨ ਢੋਂਦੇ ਸਨ ਉਦੋਂ ਵੀ ਈਅਰਫੋਨ ਲਗਾ ਕੇ ਸੁਣਦੇ ਸਨ ਅਤੇ ਮਨ ਵਿੱਚ ਹੀ ਸੁਆਲਾਂ ਨੂੰ ਹੱਲ ਕਰਦੇ ਰਹਿੰਦੇ ਸਨ। ਦਰਅਸਲ, ਸ਼੍ਰੀਨਾਥ ਦੀ ਇਸ ਸਫਲਤਾ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਡਿਜੀਟਲ ਇੰਡੀਆ ਦੀ ਸੋਚ ਦੇ ਤਹਿਤ ਦੇਸ਼ ਦੇ ਰੇਲਵੇ ਸੇਟਸ਼ਨਾਂ ਨੂੰ ਵਾਈ-ਫਾਈ ਨਾਲ ਲੈਸ ਕਰਨ ਦੀ ਯੋਜਨਾ ਰਹੀ ਜੋ ਸਹੀ ਮਾਅਨੇ ਵਿੱਚ ਗ੍ਰਾਮੀਣ ਇਲਾਕਿਆਂ ਲਈ ਤਾਂ ਵਰਦਾਨ ਸਾਬਤ ਹੋ ਰਹੀ ਹੈ। ਇਹ ਹੀ ਨਹੀਂ, ਧਾਰਾ 370 ਹਟਾਉਣ ਦੇ ਬਾਅਦ ਜਦੋਂ ਫੇਕ ਨਿਊਜ਼ ਅਤੇ ਦੁਰਪ੍ਰਚਾਰ ਰੋਕਣ ਲਈ ਜੰਮੂ ਵਿੱਚ ਇੰਟਰਨੈੱਟ' ਤੇ ਰੋਕ ਲਗਾ ਦਿੱਤੀ ਗਈ, ਉਦੋਂ ਇੱਥੋਂ ਦੇ ਵਿਦਿਆਰਥੀਆਂ ਲਈ ਰੇਲ ਵਾਈ-ਫਾਈ ਬਹੁਤ ਉਪਯੋਗੀ ਸਾਬਤ ਹੋਇਆ। ਸਕੂਲ ਅਤੇ ਕਾਲਜ ਵੀ ਬੰਦ ਸਨ। ਅਜਿਹੇ ਵਿੱਚ ਪੜ੍ਹਾਈ ਪੂਰੀ ਕਰਨ ਲਈ ਜੰਮੂ ਵਿੱਚ ਰੇਲਵੇ ਸਟੇਸ਼ਨ 'ਤੇ ਮਿਲਣ ਵਾਲੇ 30 ਮਿੰਟ ਫ੍ਰੀ ਵਾਈ-ਫਾਈ ਦਾ ਵਿਦਿਆਰਥੀਆਂ ਨੇ ਭਰਪੂਰ ਉਪਯੋਗ ਕੀਤਾ। ਆਪਣੇ ਸਿਲੇਬਸ ਅਤੇ ਸਟਡੀ ਮੈਟੀਰੀਅਲ ਨੂੰ ਡਾਊਨਲੋਡ ਕਰ ਕੇ ਉਨ੍ਹਾਂ ਨੇ ਸਕੂਲ-ਕਾਲਜ ਬੰਦ ਹੋਣ ਦੀ ਸਥਿਤੀ ਵਿੱਚ ਵੀ ਖੁਦ ਨੂੰ ਲਗਾਤਾਰ ਪੜ੍ਹਾਈ ਨਾਲ ਜੋੜ ਕੇ ਰੱਖਿਆ।

**ਦੇਸ਼ ਦੇ 5682 ਸਟੇਸ਼ਨਾਂ ਉੱਤੇ ਭਾਰਤੀ ਰੇਲਵੇ ਦੀ ਵਾਈ-ਫ਼ਾਈ ਸੁਵਿਧਾ ਬਦਲਦੇ ਭਾਰਤ ਦੀ ਅਜਿਹੀ ਕਹਾਣੀ ਬਿਆਨ ਕਰ ਰਹੀ ਹੈ ਜੋ ਚੁਣੌਤੀ ਨੂੰ ਅਵਸਰ ਵਿੱਚ ਬਦਲਣ ਦੀ ਪ੍ਰੇਰਣਾ ਦਿੰਦੀ ਹੈ। ਗ੍ਰਾਮੀਣ ਖੇਤਰ ਅਤੇ ਖਾਸ ਤੌਰ 'ਤੇ ਗ਼ਰੀਬੀ ਨਾਲ ਜੂਝ ਰਹੀਆਂ ਪ੍ਰਤਿਭਾਵਾਂ ਲਈ ਮੋਦੀ ਸਰਕਾਰ ਦੀ ਇਹ ਸੁਵਿਧਾ ਵਰਦਾਨ ਦੇ ਤੌਰ 'ਤੇ ਉੱਭਰੀ ਹੈ ਕਿਉਂਕਿ ਰੇਲਵਾਇਰ ਵਾਈ-ਫਾਈ ਨਾਲ ਲੈਸ ਸਟੇਸ਼ਨਾਂ ਵਿੱਚੋਂ 70 ਫੀਸਦੀ ਸਟੇਸ਼ਨ ਗ੍ਰਾਮੀਣ ਖੇਤਰਾਂ ਵਿੱਚ ਹਨ। ਜਿਸ ਦਾ ਲਾਭ ਕੋਰੋਨਾ ਦੇ ਦੌਰ ਵਿੱਚ 2.2 ਕਰੋੜ ਯੂਜ਼ਰਸ ਲੈ ਚੁੱਕੇ ਹਨ। ਉੱਥੇ ਹੀ 9000 ਟੀਬੀ ਡੇਟਾ ਦੀ ਖਪਤ ਹੋ ਚੁੱਕੀ ਹੈ।**

# ਡਿਜੀਟਲ ਇੰਡੀਆ ਦੇ ਸੁਪਨੇ ਨੂੰ ਵਾਈ-ਫਾਈ ਦੇ ਖੰਭ

ਕੁਲੀ, ਰੋਜ਼ਾਨਾ ਯਾਤਰੀ ਅਤੇ ਵਿਦਿਆਰਥੀ ਕਰ ਰਹੇ ਹਨ ਇਸਤੇਮਾਲ

ਲੌਕਡਾਊਨ 'ਚ 2.2 ਕਰੋੜ ਯੂਜ਼ਰਸ ਵਿੱਚ ਵਾਧਾ

**5682**
ਰੇਲਵੇ ਸਟੇਸ਼ਨਾਂ 'ਤੇ ਹੈ ਵਾਈ-ਫਾਈ ਦੀ ਸੁਵਿਧਾ

**9000**
ਟੀਬੀ ਡੇਟਾ ਦੀ ਕੁੱਲ ਖਪਤ ਲੌਕਡਾਊਨ ਦੇ ਦੋ ਮਹੀਨਿਆਂ ਵਿੱਚ

**70%**
ਗ੍ਰਾਮੀਣ ਖੇਤਰ ਵਿੱਚ ਸਟੇਸ਼ਨਾਂ 'ਤੇ ਸੁਵਿਧਾ, ਇੰਟਰਨੈੱਟ ਸਪੀਡ ਕਰ ਰਹੀ ਹੈ ਵਿਦਿਆਰਥੀਆਂ ਨੂੰ ਆਕਰਸ਼ਿਤ

ਸਕੈਨ ਕਰਕੇ ਸੁਣੋ ਯਾਤਰੀਆਂ ਦੇ ਅਨੁਭਵ

## ਸਿੱਖਿਆ ਦਾ ਅਹਿਮ ਜ਼ਰੀਆ ਬਣਦਾ ਗਿਆ ਰੇਲਵੇ ਵਾਈ-ਫਾਈ

ਸ਼੍ਰੀਨਾਥ ਜਿਹੀਆਂ ਪ੍ਰੇਰਣਾਮਈ ਕਹਾਣੀਆਂ ਹੋਰ ਵੀ ਹਨ। ਗੁਜਰਾਤ ਦੇ ਬਰਜਾਦੀ ਨੰਦੇਜ ਸਟੇਸ਼ਨ ਤੋਂ ਰੋਜ਼ਾਨਾ ਯਾਤਰਾ ਕਰਨ ਵਾਲੇ ਮੁਹੰਮਦ ਅਸਗਰ ਦਾ ਅਨੁਭਵ ਵੀ ਰੋਚਕ ਹੈ। ਉਹ ਦੱਸਦੇ ਹਨ ਕਿ ਮੁਫ਼ਤ ਅਤੇ ਤੇਜ਼ ਗਤੀ ਦੇ ਵਾਈ-ਫਾਈ ਦੀ ਮਦਦ ਨਾਲ ਉਹ ਨੈੱਟ ਬੈਂਕਿੰਗ ਕਰਦੇ ਹਨ ਅਤੇ ਐਪ ਡਾਊਨਲੋਡ ਕਰਦੇ ਹਨ। ਹੁਣ ਇਸ ਲਈ ਉਨ੍ਹਾਂ ਨੂੰ ਸਾਈਬਰ ਕੈਫੇ ਵੀ ਨਹੀਂ ਜਾਣਾ ਪੈਂਦਾ ਹੈ। ਇਸੇ ਤਰ੍ਹਾਂ ਹੈਲਨ ਇੱਕ ਅਜਿਹੀ ਮਾਂ ਹੈ ਜੋ ਆਪਣੇ ਪਰਿਵਾਰ ਦੇ ਗੁਜਾਰੇ ਲਈ ਆਟੋ ਚਲਾਉਂਦੀ ਹੈ। ਉਸ ਨੇ ਸਟੇਸ਼ਨ 'ਤੇ ਰੇਲ ਵਾਇਰ ਵਾਈ-ਫਾਈ ਦਾ ਉਪਯੋਗ ਸਕੂਲ ਜਾਣ ਵਾਲੇ ਆਪਣੇ ਬੇਟੇ ਨੂੰ ਪੜ੍ਹਾਉਣ ਲਈ ਹੀ ਨਹੀਂ ਕੀਤਾ, ਬਲਕਿ ਉਸ ਨਾਲ ਖੁਦ ਵੀ ਅੱਪਡੇਟ ਰਹਿਣ ਲਈ ਕਰ ਰਹੀ ਹੈ।ਇਤਨਾ ਹੀ ਨਹੀਂ ਆਰਥਿਕ ਰੂਪ ਨਾਲ ਕਮਜ਼ੋਰ ਵਰਗ ਦੇ ਕੈਂਸਰ ਮਰੀਜ਼ ਮਨੋਰੰਜਨ ਲਈ ਵਾਈ-ਫਾਈ ਦਾ ਉਪਯੋਗ ਕਰਨ ਲਈ ਵੀ ਮੁੰਬਈ ਸਟੇਸ਼ਨ 'ਤੇ ਆਉਂਦੇ ਹਨ। ਕਰਨਾਟਕ ਦੇ ਇੱਕ ਗ੍ਰਾਮੀਣ ਰੇਲਵੇ ਸਟੇਸ਼ਨ, ਭਾਨਾਪੁਰ ਵਿੱਚ ਸਿਵਲ ਇੰਜੀਨੀਅਰਿੰਗ ਵਿੱਚ ਬੀਈ ਦੀ ਪੜ੍ਹਾਈ ਪੂਰੀ ਕਰ ਚੁੱਕੇ ਸ਼੍ਰੀਕਾਂਤ ਹਮੇਸ਼ਾ ਸਟੇਸ਼ਨ 'ਤੇ ਇੰਤਜ਼ਾਰ ਕਰਨ ਦੌਰਾਨ ਰੇਲਵਾਇਰ ਵਾਈ-ਫਾਈ ਦਾ ਉਪਯੋਗ ਕਰਦੇ ਹੋਏ ਯੂ-ਟਿਊਬ ਨਾਲ ਆਟੋਕੈਡ ਕਰਦੇ ਹਨ। ਹੁਬਲੀ ਡਿਵਿਜ਼ਨ ਦੇ ਓਬੁਲਪੁਰਮ ਸਟੇਸ਼ਨ 'ਤੇ ਰਿਜਵਾਨ ਵੀ ਅਧਿਐਨ ਸਮੱਗਰੀ ਨੂੰ ਡਾਊਨਲੋਡ ਕਰਨ ਲਈ ਮੁਫ਼ਤ ਵਾਈ-ਫਾਈ ਦਾ ਉਪਯੋਗ ਕਰਦਾ ਹੈ।



### ਮਿਟ ਰਹੀ ਹੈ ਪਿੰਡ-ਸ਼ਹਿਰ ਦੀ ਦੂਰੀ


ਸਮਾਰਟ ਫੋਨ ਦੀ ਕੀਮਤ ਵਿੱਚ ਕਮੀ ਨਾਲ ਇਨ੍ਹਾਂ ਖੇਤਰਾਂ ਦੇ ਆਰਥਿਕ ਰੂਪ ਨਾਲ ਕਮਜ਼ੋਰ ਵਰਗ ਦੇ ਲੋਕਾਂ ਲਈ ਵੀ ਸਟੇਸ਼ਨਾਂ 'ਤੇ ਰੇਲਟੈੱਲ ਰੇਲਵਾਇਰ ਵਾਈ-ਫਾਈ ਜ਼ਰੀਏ ਇੰਟਰਨੈੱਟ ਸੁਵਿਧਾ ਦਾ ਲਾਭ ਉਠਾਉਣਾ ਸਰਲ ਹੋ ਰਿਹਾ ਹੈ। ਇਸ ਹਾਈ ਸਪੀਡ ਮੁਫ਼ਤ ਵਾਈ-ਫਾਈ ਦੀ ਸੁਵਿਧਾ ਨੂੰ ਗ੍ਰਾਮੀਣਾਂ ਤੱਕ ਪਹੁੰਚਾਉਣ ਨਾਲ ਸ਼ਹਿਰੀ-ਗ੍ਰਾਮੀਣ ਪਾੜੇ ਨੂੰ ਖਤਮ ਕਰਨ ਵਿੱਚ ਨਾ ਸਿਰਫ਼ ਮਦਦ ਮਿਲ ਰਹੀ ਹੈ, ਬਲਕਿ ਇਸ ਦਾ ਉਪਯੋਗ ਡਿਜੀਟਲ ਭੁਗਤਾਨ ਕਰਨ, ਈ-ਗਾਓਂ ਸੇਵਾਵਾਂ ਤੱਕ ਪਹੁੰਚਣ, ਮੌਸਮ ਦੀਆਂ ਸਥਿਤੀਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਅਤੇ ਨਵੇਂ ਵੋਕੇਸ਼ਨਕਲ ਕੋਰਸਾਂ ਅਤੇ ਕੌਸ਼ਲਾਂ ਨੂੰ ਸਿੱਖਣ ਵਿੱਚ ਕੀਤਾ ਜਾ ਰਿਹਾ ਹੈ। ਵਿਦਿਆਰਥੀ ਆਪਣੇ ਉਡੀਕ ਸਮੇਂ ਦਾ ਉਪਯੋਗ ਸਟਡੀ ਮੈਟੀਰੀਅਲ ਨੂੰ ਡਾਊਨਲੋਡ ਕਰਨ, ਵੈਂਡਰ ਡਿਜੀਟਲ ਭੁਗਤਾਨ ਲੈਣ-ਦੇਣ, ਰੋਜ਼ਾਨਾ ਯਾਤਰੀ ਸਟੇਸ਼ਨ 'ਤੇ ਆਪਣੇ ਸਮੇਂ ਦਾ ਉਪਯੋਗ ਨਵੇਂ ਕੌਸ਼ਲ ਨੂੰ ਸਿੱਖਣ ਜਾਂ ਮੁਫ਼ਤ ਵਾਈ-ਫਾਈ ਨਾਲ ਨੈੱਟ ਦੀ ਸਰਫਿੰਗ ਕਰਨ ਵਿੱਚ ਕਰ ਰਹੇ ਹਨ।

### ਅਸਾਨ ਨਹੀਂ ਸੀ ਸੁਵਿਧਾ ਦੇਣਾ

ਰੇਲਵੇ ਸਟੇਸ਼ਨਾਂ 'ਤੇ ਵਾਈ-ਫਾਈ, ਸੁਣਨ ਵਿੱਚ ਸਹਿਜ ਲਗਦਾ ਹੈ। ਲੇਕਿਨ ਇਹ ਇਤਨਾ ਅਸਾਨ ਨਹੀਂ ਹੈ। ਖਾਸ ਕਰਕੇ ਵੱਡੇ ਸਟੇਸ਼ਨਾਂ 'ਤੇ, ਇਨ੍ਹਾਂ ਵਿੱਚ ਵਾਈ-ਫਾਈ ਸਿਗਨਲ ਦੀ ਕਵਰੇਜ ਨੂੰ ਮੋਟੇ ਪੱਥਰ ਦੀਆਂ ਦੀਵਾਰਾਂ ਰੋਕਦੀਆਂ ਹਨ, ਹਰ ਸਟੇਸ਼ਨ ਦਾ ਡਿਜ਼ਾਈਨ ਅਨੂਠਾ ਹੈ ਜਿਸ ਨਾਲ ਸਮੱਗਰੀ ਦੇ ਅਨੁਕੂਲਨ ਦੀ ਜ਼ਰੂਰਤ ਹੁੰਦੀ ਹੈ, ਵਿਸ਼ਾਲ ਸੰਖਿਆ ਵਿੱਚ ਲੋਕ ਇੱਥੇ ਆਉਂਦੇ ਹਨ, ਬਿਜਲੀ ਦੀ ਕਟੌਤੀ ਹੁੰਦੀ ਹੈ, ਸਟੇਸ਼ਨਾਂ ਦਾ ਪੁਨਰਵਿਕਾਸ ਅਤੇ ਸਟੇਸ਼ਨਾਂ 'ਤੇ ਚਲ ਰਹੀਆਂ ਨਿਰਮਾਣ ਗਤੀਵਿਧੀਆਂ, ਇਹ ਕੁਝ ਅਜਿਹੀਆਂ ਜ਼ਿਕਰਯੋਗ ਚੁਣੌਤੀਆਂ ਹਨ ਜਿਨ੍ਹਾਂ ਦਾ ਸਾਹਮਣਾ ਇਸ ਪ੍ਰੋਜੈਕਟ ਨੂੰ ਪੂਰਾ ਕਰਦੇ ਹੋਏ ਰੇਲਵੇ ਨੂੰ ਕਰਨਾ ਪਿਆ, ਲੇਕਿਨ ਇਹ ਸਭ ਚੁਣੌਤੀਆਂ ਭਾਰਤੀ ਰੇਲਵੇ ਦੀ ਇਸ ਵਿਲੱਖਣ ਉਪਲੱਬਧੀ ਨੂੰ ਹਾਸਲ ਕਰਨ ਤੋਂ ਰੋਕ ਨਹੀਂ ਸਕੀਆਂ। ਮੋਦੀ ਸਰਕਾਰ ਦੀ ਯੋਜਨਾ ਸਾਰੇ ਸਟੇਸ਼ਨਾਂ ਨੂੰ ਇਸ ਨਾਲ ਲੈਸ ਕਰਨ ਦੀ ਹੈ ਜਿਸ 'ਤੇ ਕੰਮ ਚਲ ਰਿਹਾ ਹੈ। ਦਸੰਬਰ, 20 ਤੱਕ ਹੋਰ 225 ਸਟੇਸ਼ਨਾਂ 'ਤੇ ਵਾਈ-ਫਾਈ ਸੇਵਾ ਸ਼ੁਰੂ ਕਰ ਦਿੱਤੀ ਜਾਵੇਗੀ। ਬਾਕੀ ਸਟੇਸ਼ਨ ਜਿਨ੍ਹਾਂ ਪਾਸ ਓਐੱਫਸੀ ਕਨੈਕਟੀਵਿਟੀ ਨਹੀਂ ਹੈ, ਉਨ੍ਹਾਂ ਵਿੱਚੋਂ 50 ਸਟੇਸ਼ਨਾਂ ਨੂੰ ਟ੍ਰਾਇਲ ਦੇ ਅਧਾਰ 'ਤੇ 4ਜੀ/3ਜੀ ਕਨੈਕਟੀਵਿਟੀ ਪ੍ਰਦਾਨ ਕੀਤੀ ਜਾਵੇਗੀ। ਨਿਸ਼ਚਿਤ ਤੌਰ 'ਤੇ ਜੀਵਨ ਵਿੱਚ ਕਿਸੇ ਗ਼ਰੀਬ ਦੇ ਲਕਸ਼ (ਟੀਚਾ) ਨੂੰ ਕਿਵੇਂ ਖੰਭ ਦਿੱਤੇ ਜਾ ਸਕਦੇ ਹਨ, ਇਸ ਦੀ ਮਿਸਾਲ ਹੈ ਭਾਰਤੀ ਰੇਲਵੇ ਦੀ ਵਾਈ-ਫਾਈ ਸੁਵਿਧਾ। ■

## ਸਦੀਆਂ ਦਾ ਇੰਤਜ਼ਾਰ ਅੱਜ ਸਮਾਪਤ ਹੋ ਰਿਹਾ ਹੈ...


# ॥ਰਾਮ ਕਾਜ ਕੀਨਹੇ ਬਿਨੁ ਮੋਹਿ ਕਹਾਂ ਬਿਸ੍ਰਾਮ॥




ਰਾਮਲਲਾ ਦੇ ਦਰ 'ਤੇ ਸਾਸ਼ਟਾਂਗ (ਡੰਡੌਤ)



ਪੂਜਾ-ਅਰਚਨਾ



ਸੰਬੋਧਨ



ਹਨੂਮਾਨਗੜ੍ਹੀ ਵਿੱਚ ਆਰਤੀ

**ਪਰੰਪਰਾਗਤ ਪਹਿਰਾਵਾ-ਧੋਤੀ, ਕੁੜਤਾ ਧਾਰਨ ਕਰਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ 5 ਅਗਸਤ ਨੂੰ ਭਗਵਾਨ ਰਾਮਲਲਾ ਦੀ ਜਨਮ ਭੂਮੀ ਅਯੁੱਧਿਆ ਨਗਰੀ ਪਹੁੰਚੇ ਤਾਂ ਸੈਂਕੜੇ ਸਾਲਾਂ ਦਾ ਸੁਪਨਾ ਸਾਕਾਰ ਹੋ ਗਿਆ। ਪ੍ਰਧਾਨ ਮੰਤਰੀ ਨੇ ਰਾਮ ਲਲਾ ਦੀ ਪੂਜਾ ਅਰਚਨਾ ਕੀਤੀ ਅਤੇ ਰਾਮ ਜਨਮ ਭੂਮੀ ਸਥਾਨ 'ਤੇ 'ਸਾਸ਼ਟਾਂਗ' ਦੰਡਵਤ ਕੀਤਾ। ਭੂਮੀ ਪੂਜਨ ਦੇ ਨਾਲ ਹੀ ਵਿਸ਼ਾਲ ਰਾਮ ਮੰਦਿਰ ਦੇ ਨਿਰਮਾਣ ਦੀ ਸ਼ੁਰੂਆਤ ਹੋ ਗਈ। ਪ੍ਰਧਾਨ ਮੰਤਰੀ ਨੇ ਇਸ ਨੂੰ ਭਾਰਤੀ ਸੱਭਿਆਚਾਰ ਦਾ ਆਧੁਨਿਕ, ਆਸਥਾ ਅਤੇ ਰਾਸ਼ਟਰੀ ਭਾਵਨਾ ਦਾ ਪ੍ਰਤੀਕ ਬਣਨ ਵਾਲਾ ਪਲ ਦੱਸਿਆ**

ਦਹਾਕਿਆਂ ਤੱਕ ਚਲੀ ਨਿਆਂ ਪ੍ਰਕਿਰਿਆ ਦੇ ਸਮਾਪਤ ਹੋਣ ਦੇ ਬਾਅਦ 9 ਨਵੰਬਰ 2019 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਰਾਸ਼ਟਰ ਦੇ ਨਾਮ ਆਪਣੇ ਸੰਦੇਸ਼ ਵਿੱਚ ਇਸ ਨੂੰ ਭਾਰਤ ਲਈ ਨਵੀਂ ਸਵੇਰ ਕਰਾਰ ਦਿੰਦੇ ਹੋਏ ਕਿਹਾ ਸੀ ਕਿ ਹੁਣ ਦੇਸ਼ ਨੂੰ ਸੰਕਲਪ ਕਰਨਾ ਹੋਵੇਗਾ ਕਿ ਨਵੀਂ ਪੀੜ੍ਹੀ ਨਵੇਂ ਸਿਰੇ ਤੋਂ ਨਿਊ ਇੰਡੀਆ ਦੇ ਨਿਰਮਾਣ ਵਿੱਚ ਜੁਟੇਗੀ। ਇਸ ਸੰਦੇਸ਼ ਨੂੰ ਅੱਗੇ ਵਧਾਉਂਦੇ ਹੋਏ ਪ੍ਰਧਾਨ ਮੰਤਰੀ ਨੇ ਅਯੁੱਧਿਆ ਵਿੱਚ ਸ਼ਾਨਦਾਰ ਰਾਮ ਮੰਦਿਰ ਦੇ ਨਿਰਮਾਣ ਦਾ ਨੀਂਹ ਪੱਥਰ ਰੱਖਿਆ ਤਾਂ ਕਿਹਾ, "ਜਿਸ ਤਰ੍ਹਾਂ ਦਲਿਤਾਂ-ਪਿਛੜਿਆਂ-ਆਦਿਵਾਸੀ, ਸਮਾਜ ਦੇ ਹਰ ਵਰਗ ਨੇ ਆਜ਼ਾਦੀ ਦੀ ਲੜਾਈ ਵਿੱਚ ਗਾਂਧੀ ਜੀ ਨੂੰ ਸਹਿਯੋਗ ਦਿੱਤਾ, ਉਸੇ ਤਰ੍ਹਾਂ ਅੱਜ ਦੇਸ਼ ਭਰ ਦੇ ਲੋਕਾਂ ਦੇ ਸਹਿਯੋਗ ਨਾਲ ਰਾਮ ਮੰਦਿਰ ਨਿਰਮਾਣ ਦਾ ਇਹ ਸ਼ੁਭ ਕਾਰਜ ਸ਼ੁਰੂ ਹੋਇਆ ਹੈ..."ਪ੍ਰਧਾਨ ਮੰਤਰੀ ਦੇ ਸੰਬੋਧਨ ਦੇ ਕੁਝ ਅਹਿਮ ਬਿੰਦੂ:

- ਪਹਿਲਾਂ ਪ੍ਰਭੂ ਰਾਮ ਅਤੇ ਮਾਤਾ ਜਾਨਕੀ ਨੂੰ ਯਾਦ ਕਰ ਲਈਏ। ਸਿਯਾਵਰ ਰਾਮਚੰਦਰ ਕੀ ਜੈ, ਸਿਯਾਵਰ ਰਾਮਚੰਦਰ ਕੀ ਜੈ, ਜੈ ਸਿਯਾਰਾਮ, ਜੈ ਸਿਯਾਰਾਮ। ਅੱਜ ਇਹ ਜੈਘੋਸ਼ ਸਿਰਫ਼ ਸਿਯਾਰਾਮ ਦੀ ਨਗਰੀ ਵਿੱਚ ਹੀ ਸੁਣਾਈ ਨਹੀਂ ਦੇ ਰਿਹਾ, ਬਲਕਿ ਇਸ ਦੀ ਗੂੰਜ ਪੂਰੇ ਵਿਸ਼ਵ ਭਰ ਵਿੱਚ ਹੈ।

> ਭਗਵਾਨ ਰਾਮ ਨਿਆਂਇਕ ਵਿਅਕਤੀ ਹੋ ਸਕਦੇ ਹਨ। ਢਾਇਆ ਗਿਆ ਢਾਂਚਾ ਹੀ ਭਗਵਾਨ ਰਾਮ ਦਾ ਜਨਮਸਥਾਨ ਹੈ, ਹਿੰਦੂਆਂ ਦੀ ਇਹ ਆਸਥਾ ਨਿਰਵਿਵਾਦਿਤ ਹੈ।
>
> -9 ਨਵੰਬਰ 2019 ਨੂੰ 1045 ਪੇਜ ਦੇ ਫੈਸਲੇ ਵਿੱਚ ਸੁਪ੍ਰੀਮ ਕੋਰਟ ਦੀ ਟਿੱਪਣੀ

ਸਾਰੇ ਦੇਸ਼ਵਾਸੀਆਂ ਨੂੰ ਅਤੇ ਵਿਸ਼ਵ ਭਰ ਵਿੱਚ ਫੈਲੇ ਕਰੋੜਾਂ-ਕਰੋੜਾਂ ਰਾਮ ਭਗਤਾਂ ਨੂੰ ਅੱਜ ਦੇ ਇਸ ਪਵਿੱਤਰ ਅਵਸਰ 'ਤੇ ਕੋਟਿ-ਕੋਟਿ ਵਧਾਈ।

- ਟਰੱਸਟ ਨੇ ਸੱਦਾ ਦਿੱਤਾ, ਇਸ ਇਤਿਹਾਸਿਕ ਪਲ ਦਾ ਗਵਾਹ ਬਣਨ ਦਾ ਮੌਕਾ ਦਿੱਤਾ। ਸ਼੍ਰੀ ਰਾਮ ਜਨਮ ਭੂਮੀ ਤੀਰਥ ਕਸ਼ੇਤਰ ਟਰੱਸਟ ਦਾ ਆਭਾਰ ਪ੍ਰਗਟ ਕਰਦਾ ਹੈ। ਆਉਣਾ ਬਹੁਤ ਸੁਭਾਵਿਕ ਵੀ ਸੀ ਕਿਉਂਕਿ "ਰਾਮ ਕਾਜ ਕੀਨਹੇ ਬਿਨੁ ਮੋਹੇ ਕਹਾਂ ਬਿਸ਼ਰਾਮ"
- ਸਾਲਾਂ ਤੋਂ ਟਾਟ ਅਤੇ ਟੈਂਟ ਦੇ ਹੇਠ ਰਹਿ ਰਹੇ ਸਾਡੇ ਰਾਮਲਲਾ ਲਈ ਹੁਣ ਇੱਕ ਸ਼ਾਨਦਾਰ ਮੰਦਿਰ ਦਾ ਨਿਰਮਾਣ ਹੋਵੇਗਾ। ਟੁੱਟਣਾ ਅਤੇ ਫਿਰ ਉੱਠ ਖੜ੍ਹਾ ਹੋਣਾ, ਸਦੀਆਂ ਤੋਂ ਚਲ ਰਿਹਾ ਹੈ, ਇਸ ਕਾਰਜ ਤੋਂ ਰਾਮਜਨਮਭੂਮੀ ਅੱਜ ਮੁਕਤ ਹੋ ਗਈ ਹੈ।
- ਰਾਮ ਮੰਦਿਰ ਲਈ ਚਲੇ ਅੰਦੋਲਨ ਵਿੱਚ ਅਰਪਣ ਵੀ ਸੀ, ਤਰਪਣ ਵੀ ਸੀ, ਸੰਘਰਸ਼ ਵੀ ਸੀ, ਸੰਕਲਪ ਵੀ ਸੀ। ਜਿਨ੍ਹਾਂ ਦੇ ਤਿਆਗ, ਬਲੀਦਾਨ ਅਤੇ ਸੰਘਰਸ਼ ਨਾਲ ਅੱਜ ਇਹ ਸੁਪਨਾ ਸਾਕਾਰ ਹੋ ਰਿਹਾ ਹੈ, ਜਿਸਦੀ ਤਪੱਸਿਆ ਰਾਮ ਮੰਦਿਰ ਵਿੱਚ ਨੀਂਹ ਦੀ ਤਰ੍ਹਾਂ ਜੁੜੀ ਹੋਈ ਹੈ, ਮੈਂ ਉਨ੍ਹਾਂ ਸਾਰੇ ਲੋਕਾਂ ਨੂੰ ਅੱਜ ਨਮਨ ਕਰਦਾ ਹਾਂ, ਵੰਦਨ ਕਰਦਾ ਹਾਂ।
- ਸ਼੍ਰੀ ਰਾਮ ਚੰਦਰ ਨੂੰ ਤੇਜ਼ ਵਿੱਚ ਸੂਰਜ ਦੇ ਸਮਾਨ, ਖਿਮਾ ਵਿੱਚ ਪ੍ਰਿਥਵੀ ਦੇ ਤੁੱਲ, ਬੁੱਧੀ ਵਿੱਚ ਬ੍ਰਹਿਸਪਤੀ ਦੇ ਸਮਾਨ ਅਤੇ ਯਸ਼ ਵਿੱਚ ਇੰਦਰ ਦੇ ਸਮਾਨ ਮੰਨਿਆ ਗਿਆ ਹੈ, ਸ਼੍ਰੀਰਾਮ ਦਾ ਚਰਿੱਤਰ ਸਭ ਤੋਂ ਜ਼ਿਆਦਾ ਜਿਸ ਕੇਂਦਰ ਬਿੰਦੂ 'ਤੇ ਘੁੰਮਦਾ ਹੈ, ਉਹ ਹੈ ਸੱਚ 'ਤੇ ਅਡਿੱਗ ਰਹਿਣਾ, ਇਸ ਲਈ ਹੀ ਸ਼੍ਰੀ ਰਾਮ ਸੰਪੂਰਨ ਹਨ।
- ਤੁਸੀਂ ਭਗਵਾਨ ਰਾਮ ਦੀ ਅਦਭੁਤ ਸ਼ਕਤੀ ਦੇਖੋ। ਇਮਾਰਤਾਂ ਨਸ਼ਟ ਕਰ ਦਿੱਤੀਆਂ, ਹੋਂਦ ਮਿਟਾਉਣ ਦਾ ਯਤਨ ਵੀ ਬਹੁਤ ਹੋਇਆ, ਪਰ ਰਾਮ ਅੱਜ ਵੀ ਸਾਡੇ ਮਨ ਵਿੱਚ ਵਸੇ ਹੋਏ ਹਨ, ਸਾਡੇ ਸੱਭਿਆਚਾਰ ਦਾ ਅਧਾਰ ਹਨ।
- ਇਸ ਮੰਦਿਰ ਦੇ ਬਣਨ ਦੇ ਬਾਅਦ ਅਯੁੱਧਿਆ ਦੀ ਸਿਰਫ਼ ਸ਼ਾਨ ਹੀ ਨਹੀਂ ਵਧੇਗੀ, ਇਸ ਖੇਤਰ ਦਾ ਪੂਰਾ ਅਰਥਤੰਤਰ ਵੀ ਬਦਲ ਜਾਵੇਗਾ। ਇੱਥੇ ਹਰ ਖੇਤਰ ਵਿੱਚ ਨਵੇਂ ਅਵਸਰ ਬਣਨਗੇ, ਹਰ ਖੇਤਰ ਵਿੱਚ ਅਵਸਰ ਵਧਣਗੇ। ਸੋਚੋ, ਪੂਰੀ ਦੁਨੀਆ ਤੋਂ ਲੋਕ ਇੱਥੇ ਆਉਣਗੇ, ਪੂਰੀ ਦੁਨੀਆ ਪ੍ਰਭੂ ਰਾਮ ਅਤੇ ਮਾਤਾ ਜਾਨਕੀ ਦੇ ਦਰਸ਼ਨ ਕਰਨ ਆਵੇਗੀ।
- ਜੀਵਨ ਦਾ ਅਜਿਹਾ ਕੋਈ ਪਹਿਲੂ ਨਹੀਂ ਹੈ, ਜਿੱਥੇ ਸਾਡੇ ਰਾਮ ਪ੍ਰੇਰਣਾ ਨਾ ਦਿੰਦੇ ਹੋਣ। ਭਾਰਤ ਦੀ ਅਜਿਹੀ ਕੋਈ ਭਾਵਨਾ ਨਹੀਂ ਹੈ ਜਿਸ ਵਿੱਚ ਪ੍ਰਭੂ ਰਾਮ ਝਲਕਦੇ ਨਾ ਹੋਣ। ਭਾਰਤ ਦੀ ਆਸਥਾ ਵਿੱਚ ਰਾਮ ਹਨ, ਭਾਰਤ ਦੇ ਆਦਰਸ਼ਾਂ ਵਿੱਚ ਰਾਮ ਹਨ। ਭਾਰਤ ਦੀ ਦਿੱਵਯਤਾ ਵਿੱਚ ਰਾਮ ਹਨ, ਭਾਰਤ ਦੇ ਦਰਸ਼ਨ ਵਿੱਚ ਰਾਮ ਹਨ।

ਪ੍ਰਧਾਨ ਮੰਤਰੀ ਨੇ ਅੰਤ ਵਿੱਚ ਭਰੋਸਾ ਪ੍ਰਗਟਾਇਆ, "ਅਸੀਂ ਸਭ ਅੱਗੇ ਵਧਾਂਗੇ, ਦੇਸ਼ ਅੱਗੇ ਵਧੇਗਾ। ਭਗਵਾਨ ਰਾਮ ਦਾ ਇਹ ਮੰਦਿਰ ਯੁਗਾਂ-ਯੁਗਾਂ ਤੱਕ ਮਾਨਵਤਾ ਨੂੰ ਪ੍ਰੇਰਣਾ ਦਿੰਦਾ ਰਹੇਗਾ, ਮਾਰਗਦਰਸ਼ਨ ਕਰਦਾ ਰਹੇਗਾ।"

ਹਨੁਮਾਨਗੜ੍ਹੀ ਮੰਦਿਰ ਵਿੱਚ ਪ੍ਰਧਾਨ ਮੰਤਰੀ ਦੁਆਰਾ ਪੂਜਾ ਦੇ ਪ੍ਰੋਗਰਾਮ ਨੂੰ ਦੇਖਣ ਲਈ QR ਕੋਡ ਸਕੈਨ ਕਰੋ

ਭੂਮੀ ਪੂਜਨ ਤੋਂ ਸੰਬੋਧਨ ਤੱਕ ਦੇ ਪੂਰੇ ਪ੍ਰੋਗਰਾਮ ਨੂੰ ਦੇਖਣ ਲਈ QR ਕੋਡ ਸਕੈਨ ਕਰੋ



## 492 ਸਾਲ ਦਾ ਲੰਬਾ ਇਤਿਹਾਸ

- 1528 : ਇਤਿਹਾਸਕਾਰਾਂ ਦੇ ਮੁਤਾਬਕ ਬਾਬਰ ਦੇ ਸੂਬੇਦਾਰ ਮੀਰ ਬਾਕੀ ਨੇ ਅਯੁੱਧਿਆ ਵਿੱਚ ਮਸਜਿਦ ਬਣਵਾਈ
- 1853 : ਅਵਧ ਦੇ ਨਵਾਬ ਵਾਜਿਦ ਅਲੀ ਸ਼ਾਹ ਦੇ ਸਮੇਂ ਪਹਿਲੀ ਵਾਰ ਅਯੁੱਧਿਆ ਵਿੱਚ ਸੰਪਰਦਾਇਕ ਹਿੰਸਾ ਭੜਕੀ।
- 1950 : ਹਿੰਦੂ ਮਹਾਸਭਾ ਦੇ ਵਕੀਲ ਗੋਪਾਲ ਵਿਸ਼ਾਰਦ ਨੇ ਫੈਜ਼ਾਬਾਦ ਜ਼ਿਲ੍ਹਾ ਅਦਾਲਤ ਵਿੱਚ ਅਰਜ਼ੀ ਦਾਖਲ ਕਰਕੇ ਰਾਮਲਲਾ ਦੀ ਮੂਰਤੀ ਦੀ ਪੂਜਾ ਦਾ ਅਧਿਕਾਰ ਦੇਣ ਦੀ ਮੰਗ ਕੀਤੀ।
- 1959 : ਨਿਰਮੋਹੀ ਅਖਾੜੇ ਨੇ ਵਿਵਾਦਿਤ ਸਥਾਨ 'ਤੇ ਮਾਲਿਕਾਨਾ ਹੱਕ ਜਤਾਇਆ।
- 1961 : ਸੁੰਨੀ ਵਕਫ਼ ਬੋਰਡ (ਸੈਂਟਰਲ) ਨੇ ਕੋਰਟ ਵਿੱਚ ਅਰਜ਼ੀ ਲਗਾਈ ਅਤੇ ਮਸਜਿਦ ਅਤੇ ਆਸਪਾਸ ਦੀ ਜ਼ਮੀਨ 'ਤੇ ਆਪਣਾ ਹੱਕ ਜਤਾਇਆ।
- 1981 : ਉੱਤਰ ਪ੍ਰਦੇਸ਼ ਸੁੰਨੀ ਸੈਂਟਰਲ ਵਕਫ਼ ਬੋਰਡ ਨੇ ਜ਼ਮੀਨ ਦੇ ਮਾਲਿਕਾਨਾ ਹੱਕ ਲਈ ਮੁਕੱਦਮਾ ਦਾਇਰ ਕੀਤਾ।
- 1989 : ਇਲਾਹਾਬਾਦ ਹਾਈਕੋਰਟ ਨੇ ਵਿਵਾਦਿਤ ਸਥਾਨ 'ਤੇ ਯਥਾਸਥਿਤੀ ਬਰਕਰਾਰ ਰੱਖਣ ਨੂੰ ਕਿਹਾ।
- 2010 : ਇਲਾਹਾਬਾਦ ਹਾਈਕੋਰਟ ਨੇ ਜ਼ਮੀਨ ਨੂੰ 3 ਹਿੱਸਿਆਂ ਵਿੱਚ ਵੰਡ ਦਿੱਤਾ।
- 2011 : ਸੁਪਰੀਮ ਕੋਰਟ ਨੇ ਇਲਾਹਾਬਾਦ ਹਾਈਕੋਰਟ ਦੇ ਫੈਸਲੇ 'ਤੇ ਰੋਕ ਲਗਾਈ।
- 16 ਅਕਤੂਬਰ 2019 : ਸੁਪਰੀਮ ਕੋਰਟ ਵਿੱਚ ਮਾਮਲੇ ਦੀ ਸੁਣਵਾਈ ਪੂਰੀ ਹੋਈ।
- 9 ਨਵੰਬਰ 2019 : ਸੁਪਰੀਮ ਕੋਰਟ ਨੇ ਪੂਰੀ ਭੂਮੀ ਰਾਮਲਲਾ ਵਿਰਾਜਮਾਨ ਨੂੰ ਸੌਂਪ ਦਿੱਤੀ। ਮਸਜਿਦ ਲਈ 5 ਏਕੜ ਜ਼ਮੀਨ ਅਲੱਗ ਤੋਂ।



# ਭਗਵਾਨ ਕੇਦਾਰਨਾਥ ਦੀ ਨਗਰੀ ਨੂੰ ਸ਼ਾਨਦਾਰ-ਦਿੱਵਯ ਰੂਪ ਮਿਲਿਆ

> "ਬਾਬਾ ਕੇਦਾਰ ਦੇ ਦਰਸ਼ਨ ਨਾਲ ਕਰੋੜਾਂ ਸ਼ਰਧਾਲੂਆਂ ਨੂੰ ਬੇਮਿਸਾਲ ਊਰਜਾ ਮਿਲਦੀ ਹੈ। ਯਾਤਰੀਆਂ ਨੂੰ ਗੌਰੀਕੁੰਡ-ਕੇਦਾਰਨਾਥ ਮਾਰਗ 'ਤੇ ਸਾਰੀਆਂ ਸੁਵਿਧਾਵਾਂ ਮਿਲਣ, ਟੈਕਨੋਲੋਜੀ ਦੇ ਦੁਆਰਾ ਤੀਰਥ ਦੇ ਇਤਿਹਾਸਿਕ ਅਤੇ ਸੱਭਿਆਚਾਰਕ ਮਹੱਤਵ ਨੂੰ ਦਿਖਾਇਆ ਜਾਵੇ, ਅਜਿਹੀ ਵਿਵਸਥਾ ਵਿਕਸਿਤ ਹੋਵੇ। ਮੰਦਿਰ ਅਤੇ ਜਗਦਗੁਰੂ ਆਦਿ ਸ਼ੰਕਰਾਚਾਰੀਆ ਜੀ ਦੇ ਸਮਾਧੀ ਸਥਲ ਦੀ ਦਿੱਵਯਤਾ ਵਧੇ, ਸਵੱਛਤਾ ਨੂੰ ਕੇਂਦਰ ਵਿੱਚ ਰੱਖ ਕੇ ਹੋਰ ਵਿਆਪਕ ਵਿਕਾਸ ਹੋਵੇ। ਮੈਨੂੰ ਵਿਸ਼ਵਾਸ ਹੈ ਕਿ ਬਾਬਾ ਦੇ ਆਸ਼ੀਰਵਾਦ ਨਾਲ ਕੇਦਾਰਨਾਥ ਧਾਮ ਦੇ ਅਲੌਕਿਕ ਸਰੂਪ ਵਿੱਚ ਹੋਰ ਵੀ ਵਾਧਾ ਹੋਵੇਗਾ।"


**ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਡ੍ਰੀਮ ਪ੍ਰੋਜੈਕਟ ਵਿੱਚ ਸ਼ਾਮਲ ਕੇਦਾਰਨਾਥ ਧਾਮ ਗੰਭੀਰ ਆਪਦਾ ਨਾਲ ਮਚੀ ਤਬਾਹੀ ਦੇ ਸੱਤ ਸਾਲ ਬਾਅਦ ਪੁਨਰਨਿਰਮਾਣ ਕਾਰਜ ਦੀ ਤੇਜ਼ੀ ਨਾਲ ਵਾਪਸ ਆਪਣੇ ਰੰਗ ਵਿੱਚ ਪਰਤਣ ਲੱਗਿਆ, ਹੁਣ ਕੋਰੋਨਾ ਕਾਰਨ ਮਿਲੇ ਅਵਸਰ ਨੂੰ ਲੰਬਿਤ ਕਾਰਜਾਂ ਵਿੱਚ ਤੇਜ਼ੀ ਲਿਆਉਣ ਅਤੇ ਆਈਟੀ ਦੇ ਉਪਯੋਗ ਨਾਲ ਤੀਰਥ ਦੇ ਇਤਿਹਾਸਿਕ ਸੱਭਿਆਚਾਰਕ ਮਹੱਤਵ ਨੂੰ ਪ੍ਰਦਰਸ਼ਿਤ ਕਰਨ ਦਾ ਪ੍ਰਧਾਨ ਮੰਤਰੀ ਨੇ ਦਿੱਤਾ ਨਿਰਦੇਸ਼**

ਸਾਲ 2013 ਵਿੱਚ 16-17 ਜੂਨ ਦੀ ਉਹ ਕਾਲੀ ਸਿਆਹ ਰਾਤ ਦਾ ਮੰਜ਼ਰ ਅੱਜ ਵੀ ਸਰੀਰ ਵਿੱਚ ਕੰਬਣੀ ਪੈਦਾ ਕਰਦਾ ਹੈ। ਉੱਤਰਾਖੰਡ ਦੇ ਕੇਦਾਰਨਾਥ ਧਾਮ ਦੀ ਭਿਆਨਕ ਆਪਦਾ ਨੇ ਹਜ਼ਾਰਾਂ ਜ਼ਿੰਦਗੀਆਂ ਖੋਹ ਲਈਆਂ ਸਨ ਤਾਂ ਲੱਖਾਂ ਲੋਕਾਂ ਦੇ ਘਰ ਪਰਿਵਾਰ ਉੱਜੜ ਗਏ। ਆਵਾਜਾਈ ਦੇ ਸਾਧਨ ਠੱਪ ਹੋ ਗਏ ਸਨ, ਪਰ ਆਪਦਾ ਦੇ ਸਾਲ ਬਾਅਦ ਵੀ ਜਨਜੀਵਨ ਪਟੜੀ 'ਤੇ ਨਹੀਂ ਪਰਤਿਆ ਸੀ। ਜਦੋਂ 2014 ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਮਾਨ ਸੰਭਾਲ਼ੀ ਤਾਂ ਆਪਣੇ ਦਿਲ ਦੇ ਸਭ ਤੋਂ ਜ਼ਿਆਦਾ ਕਰੀਬ ਕੇਦਾਰਨਾਥ ਧਾਮ ਦੇ ਪੁਨਰਨਿਰਮਾਣ ਦਾ ਜ਼ਿੰਮਾ ਆਪਣੇ ਹੱਥਾਂ ਵਿੱਚ ਲਿਆ। ਜਿਸ ਦੇ ਬਾਅਦ ਉਹ ਕੇਦਾਰਨਾਥ ਧਾਮ ਦੇ ਵਿਕਾਸ ਦੀ ਨਿਗਰਾਨੀ ਸਿੱਧੀ ਕਰ ਰਹੇ ਹਨ। ਕੋਰੋਨਾ ਕਾਲ ਵਿੱਚ ਪ੍ਰਧਾਨ ਮੰਤਰੀ ਨੇ ਪਹਿਲਾਂ 10 ਜੂਨ ਅਤੇ ਫਿਰ ਪਵਿੱਤਰ ਸਾਉਣ ਮਹੀਨੇ ਵਿੱਚ 15 ਜੁਲਾਈ ਨੂੰ ਵੀਡੀਓ ਕਾਨਫਰੰਸਿੰਗ ਜ਼ਰੀਏ ਉੱਤਰਾਖੰਡ ਸਰਕਾਰ ਨਾਲ ਪੁਨਰਨਿਰਮਾਣ ਪ੍ਰੋਜੈਕਟ ਦੀ ਸਮੀਖਿਆ ਕੀਤੀ ਤਾਂ ਇਸ ਧਾਮ ਦੀ ਦਿੱਵਯਤਾ ਨੂੰ ਵਧਾਉਣ ਲਈ ਕੁਝ ਅਹਿਮ ਸੁਝਾਅ ਅਤੇ ਨਿਰਦੇਸ਼ ਵੀ ਦਿੱਤੇ। ਪ੍ਰਧਾਨ ਮੰਤਰੀ ਨੇ ਸਮੀਖਿਆ ਬੈਠਕ ਦੇ ਬਾਅਦ ਟਵੀਟ ਸੰਦੇਸ਼ ਵਿੱਚ ਕਿਹਾ, "ਪਵਿੱਤਰ ਸਾਉਣ ਮਹੀਨੇ ਵਿੱਚ ਕੇਦਾਰਨਾਥ ਧਾਮ ਵਿੱਚ ਹੋ ਰਹੇ ਵਿਕਾਸ ਕਾਰਜਾਂ ਅਤੇ ਧਾਮ ਦੀ ਦਿੱਵਯਤਾ ਨੂੰ ਵਧਾਉਣ ਲਈ ਚਲ ਰਹੇ ਯਤਨਾਂ ਦੀ ਸਮੀਖਿਆ ਕਰਨ ਦਾ ਸੁਭਾਗ ਪ੍ਰਾਪਤ ਹੋਇਆ।" ਸਮੀਖਿਆ ਦੌਰਾਨ ਕੇਦਾਰਨਾਥ ਮੰਦਿਰ ਅਤੇ ਜਗਦਗੁਰੂ ਆਦਿ ਸ਼ੰਕਰਾਚਾਰੀਆ ਦੇ ਸਮਾਧੀ ਸਥਲ ਦੀ ਦਿੱਵਯਤਾ ਨੂੰ ਹੋਰ ਵਧਾਉਣ ਅਤੇ ਪਰਿਸਰ ਵਿੱਚ ਸਵੱਛਤਾ ਬਣਾਈ ਰੱਖਣ ਅਤੇ ਉਸ ਦਾ ਵਿਕਾਸ ਸੁਨਿਸ਼ਚਿਤ ਕਰਨ ਲਈ ਵਿਚਾਰ ਵਟਾਂਦਰਾ ਹੋਇਆ।

ਇਸ ਤੀਰਥਸਥਲ ਦੇ ਪੁਨਰਨਿਰਮਾਣ ਦੀ ਆਪਣੀ ਕਲਪਨਾ ਬਾਰੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਰਾਜ ਸਰਕਾਰ ਨੂੰ ਕੇਦਾਰਨਾਥ ਅਤੇ ਬਦਰੀਨਾਥ ਜਿਹੇ ਪਵਿੱਤਰ ਸਥਾਨਾਂ ਲਈ ਵਿਕਾਸ ਪ੍ਰੋਜੈਕਟਾਂ ਦੀ ਕਲਪਨਾ ਨਾਲ ਉਸ ਦਾ ਡਿਜ਼ਾਈਨ ਇਸ ਪ੍ਰਕਾਰ ਤਿਆਰ ਕਰਨਾ ਚਾਹੀਦਾ ਹੈ ਜੋ ਸਮੇਂ ਦੀ ਕਸੌਟੀ 'ਤੇ ਖਰਾ ਉਤਰੇ, ਵਾਤਾਵਰਣ ਦੇ ਅਨੁਕੂਲ ਹੋਵੇ ਅਤੇ ਕੁਦਰਤ ਅਤੇ ਉਸ ਦੇ ਆਸਪਾਸ ਦੇ ਵਾਤਾਵਰਣ ਨਾਲ ਤਾਲਮੇਲ ਬਿਠਾ ਸਕੇ। ਕੋਰੋਨਾ ਕਾਲ ਵਿੱਚ ਸ਼ਰਧਾਲੂਆਂ ਦੀ ਤੁਲਨਾਤਮਕ ਰੂਪ ਵਿੱਚ ਆਈ ਕਮੀ ਨੂੰ ਇੱਕ ਅਵਸਰ ਦੇ ਤੌਰ 'ਤੇ ਉਪਯੋਗ ਕਰਕੇ ਲੰਬਿਤ ਕੰਮਾਂ ਨੂੰ ਪੂਰਾ ਕਰਨ 'ਤੇ ਵੀ ਪ੍ਰਧਾਨ ਮੰਤਰੀ ਨੇ ਜ਼ੋਰ ਦਿੱਤਾ। ■

### ਪ੍ਰਧਾਨ ਮੰਤਰੀ ਮੋਦੀ ਅਤੇ ਕੇਦਾਰ ਧਾਮ

ਕੇਦਾਰਨਾਥ ਧਾਮ ਪ੍ਰਧਾਨ ਮੰਤਰੀ ਮੋਦੀ ਲਈ ਕਿਤਨੀ ਸ਼ਰਧਾ ਦਾ ਕੇਂਦਰ ਹੈ, ਉਸ ਦਾ ਅੰਦਾਜ਼ਾ ਇਸ ਤੋਂ ਲਗਾਇਆ ਜਾ ਸਕਦਾ ਹੈ ਕਿ ਉਹ ਆਪਣੀ ਮਨ ਦੀ ਸ਼ਾਂਤੀ ਲਈ ਉੱਥੇ ਜਾਂਦੇ ਹਨ। ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਵੀ ਉਹ ਕੇਦਾਰਨਾਥ ਧਾਮ ਜਾ ਕੇ ਸਾਧਨਾ ਕਰਦੇ ਰਹੇ ਹਨ। ਪਿਛਲੇ ਸਾਲ ਵੀ ਜਦੋਂ ਚੋਣ ਮੁਹਿੰਮ ਤੋਂ ਫੁਰਸਤ ਮਿਲੀ ਸੀ ਤਾਂ ਉਹ ਦੋ ਦਿਨ ਕੇਦਾਰਨਾਥ ਧਾਮ ਹੀ ਰਹੇ ਅਤੇ ਮੌਨ ਸਾਧਨਾ ਕੀਤੀ। ਉਨ੍ਹਾਂ ਦਾ ਕੇਦਾਰਨਾਥ ਧਾਮ ਜਾਣਾ ਸੈਲਾਨੀਆਂ ਦੇ ਲਿਹਾਜ਼ ਨਾਲ ਵੀ ਬੇਹੱਦ ਮੁਫੀਦ ਸਾਬਤ ਹੋਇਆ ਸੀ।



Following

**Narendra Modi**

@narendramodi

**2,354** Following **60M** Followers

**Narendra Modi** @narendramodi

राष्ट्ररक्षासमं पुण्यं,

राष्ट्ररक्षासमं व्रतम्,

राष्ट्ररक्षासमं यज्ञो,

दृष्टो नैव च नैव च।।

नभः स्पृशं दीप्तम्...
स्वागतम्! #RafaleInIndia

**Rajnath Singh** @rajnathsingh

राष्ट्रीय सुरक्षा के दायरे में हम जो कुछ भी करते हैं, वह हमेशा आत्मरक्षा के लिए करते हैं, आक्रमण के लिए नहीं। अगर दुश्मन देश ने कभी हमारे ऊपर आक्रमण किया, तो हमने यह भी साबित कर दिया कि कारगिल की तरह हम उसे मुंहतोड़ जवाब देंगे।

**Amit Shah** @AmitShah

करगिल विजय दिवस भारत के स्वाभिमान, अद्भुत पराक्रम और दृढ़ नेतृत्व का प्रतीक है। मैं उन शूरवीरों को नमन करता हूँ, जिन्होंने अपने अदम्य साहस से करगिल की दुर्गम पहाड़ियों से दुश्मन को खदेड़ कर वहाँ पुनः तिरंगा लहराया। मातृभूमि की रक्षा के लिए समर्पित भारत के वीरों पर देश को गर्व है।

**Nitin Gadkari** @nitin_gadkari

1742 करोड़ रुपए की कुल लागत और 5575 मीटर लंबाई का स्टील ट्रस सुपर स्ट्रक्चर से बना देश का पहला स्टेट ऑफ आर्ट पुल 'महात्मा गांधी सेतु', बिहार की आर्थिक और सामाजिक विकास को गति देगा।

**Dr. Ramesh Pokhriyal Nishank** @DrRPNishank

विद्यार्थियों के सर्वांगीण विकास तथा 21वीं सदी की आवश्यकताओं को दृष्टिगत रखते हुए आदरणीय PM श्री@narendramodi जी के दूरदर्शी नेतृत्व में नई शिक्षा नीति को स्वीकृति प्रदान की गई है। इस ऐतिहासिक परिवर्तन का लाभ शीघ्र ही जमीनी स्तर पर दिखा शुरू होगा। रचनात्मक प्रतिक्रिया हेतु आभार।

## 77.3 प्रतिशत लोगों ने कहा - कोविड-19 की स्थिति अच्छे से संभाल रहे हैं प्रधानमंत्री मोदी

**Nav Bharat Times** July 24, 2020

मोदी सरकार को देश में कोविड-19 की स्थिति को संभालने को लेकर उच्च स्वीकार्यता रेटिंग प्राप्त हुई है। तीन चौथाई से भी ज्यादा लोगों ने सरकार को इस मामले में ऊंची रेटिंग दी। आईएएनएस सी-वोटर कोविड-19 ट्रेकर से यह जानकारी मिली। नवीनतम पोल के अनुसार, सर्वे में शामिल लोगों में से 77.3 प्रतिशत उत्तरदाताओं ने इस बात पर सहमति जताई कि नरेंद्र मोदी नीत राष्ट्रीय जनतांत्रिक गठबंधन की सरकार इस संकट को अच्छी तरह से संभाल रही है।

## मिथिला पेंटिंग वाला मास्क दे रहा रोजगार, तारीफ में बोल उठे प्रधानमंत्री

जागरण विशेष

## मोदी ने बिहार में मोती की खेती को सराहा

मधुबनी पेंटिंग की चर्चा

प्रतिकूल व्यवहार से नुकसान

## 'मास्क उतारने का मन हो तो कोरोना योद्धाओं को याद करें'

मन की बात में पीएम बोले, भारत की स्थिति बाकी देशों से बेहतर लेकिन संकट टला नहीं

पीएम की लोकप्रियता बढ़ी

10 महीने में एक करोड़ फॉलोअर्स बढ़े

## ट्विटर फॉलोअर्स की संख्या हुई 6 करोड़

दुनिया में टॉप-5 ट्विटर अकाउंट

## कारोबारी माहौल जैसा भारत में, वैसा पूरी दुनिया में बहुत कम : पीएम मोदी

इंडिया ग्लोबल वीक का आगाज, भारत ने हर चुनौती का सामना किया

RNI REGD. DELPUN/2020/78808
Agusut 15-31, 2020

NEW INDIA SAMACHAR
FORTHNIGHTLY

RNI Registered No DELPUN/2020/78808 Delhi Postal License No DL (S)-1/3544/2020-22
WPP No U(S)-92/Provisionally posting at BPC, MEGHDOOT BHAWAN, New Delhi-110 001.
On 13,14 advance Fortnightly (Publishing Date August 10, 2020, Pages-40)



# 'ਹਰ ਇੱਕ ਕੰਮ ਦੇਸ਼ ਦੇ ਨਾਮ'

23 ਸਾਲ ਬਾਅਦ ਭਾਰਤ ਦੀ ਧਰਤੀ 'ਤੇ ਨਵਾਂ ਲੜਾਕੂ ਜਹਾਜ਼ : 36 ਰਾਫੇਲ ਵਿੱਚੋਂ ਪਹਿਲੇ 10 ਰਾਫੇਲ ਭਾਰਤ ਨੂੰ ਮਿਲ ਗਏ ਹਨ। ਇਨ੍ਹਾਂ ਵਿੱਚੋਂ ਹੀ 5 ਰਾਫੇਲ 29 ਜੁਲਾਈ ਨੂੰ ਵਾਯੂ ਸੈਨਾ ਦੇ ਅੰਬਾਲਾ ਏਅਰਬੇਸ 'ਤੇ ਪਹੁੰਚੇ। ਪੰਜ ਜਹਾਜ਼ ਹਾਲੇ ਫਰਾਂਸ ਵਿੱਚ ਹੀ ਹਨ। ਇਸ ਤੋਂ ਪਹਿਲਾਂ 1977 ਵਿੱਚ ਰੂਸ ਤੋਂ ਸੁਖੋਈ-30 ਐੱਮਕੇਆਈ ਜਹਾਜ਼ ਆਏ ਸਨ।

ਰਾਫੇਲ ਦੇ ਸੁਆਗਤ ਦਾ ਵੀਡੀਓ ਦੇਖਣ ਲਈ QR ਕੋਡ ਸਕੈਨ ਕਰੋ

"ਰਾਫੇਲ ਦੀ ਕਮੀ ਅੱਜ ਦੇਸ਼ ਨੇ ਮਹਿਸੂਸ ਕੀਤੀ ਹੈ। ਅੱਜ ਹਿੰਦੁਸਤਾਨ ਇੱਕ ਸੁਰ ਵਿੱਚ ਕਹਿ ਰਿਹਾ ਹੈ ਕਿ ਅਗਰ ਸਾਡੇ ਪਾਸ ਰਾਫੇਲ ਹੁੰਦਾ ਤਾਂ ਕੀ ਹੁੰਦਾ?"

–ਪ੍ਰਧਾਨ ਮੰਤਰੀ ਨਰੇਂਦਰ ਮੋਦੀ (ਬਾਲਾਕੋਟ ਏਅਰ ਸਟ੍ਰਾਈਕ ਦੇ ਬਾਅਦ ਇੱਕ ਪ੍ਰੋਗਰਾਮ ਦੌਰਾਨ)

Punjabi

**Published & Printed by: Satyendra Prakash**, DG, BOC on behalf of Bureau of Outreach and Communication | **Editor: Kuldeep Singh Dhatwalia**, PDG, PIB, New Delhi | **Published from Bureau of Outreach and Communication, 2nd Floor, Soochna Bhawan, New Delhi-110003** | **Printed at:** Viba Press Pvt. Ltd., C-66/3, Okhla Indl. Area, Ph-II, New Delhi-110020 | **RNI No. DELPUN/2020/78808**